ੴ ਸਤਿਗੁਰ ਪ੍ਰਸਾਦਿ ॥

"ਜਾ ਕਉ ਹਰਿ ਰੰਗ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ॥"




## ਵਾਰ ਭਾਈ ਗੁਰਦਾਸ ਜੀ ੧੯ ਪਉੜੀ ੨੨

ਬੰਦਾ ਹੋਇ ਕੈ ਸਾਹਿਬੁ ਦੇ ਹੁਕਮੈ ਵਿਚਿ ਰਹਣਾ।
ਹੁਕਮੀ ਅੰਦਰਿ ਸਭ ਕੋ ਸਭਨਾ ਆਵਟਣ[1] ਹੈ ਸਹਣਾ।
ਦਿਲੁਦਰੀਆਉ ਸਮਾਉ[2]ਕਰਿਗਰਬੁ ਗਵਾਇਗਰੀਬੀਵਹਣਾ[3]।
[4]ਵੀਹੀ ਇਕੀਹ ਉਲੰਘਿ ਕੈ ਸਾਧ ਸੰਗਤਿ ਸਿੰਘਾਸਣਿ ਬਹਣਾ।
ਸਬਦ ਸੁਰਤਿਲਿਵਲੀਣ[5]ਹੋਇ[6]ਅਨਭਉ ਅਘੜਘੜਾਇ ਗਹਣਾ।
ਸਿਦਕ[7] ਸਬੂਰੀ[8] ਸਾਬਤਾ ਸਾਕਰੁ ਸੁਕਰਿ ਨ ਦੇਣਾ ਲਹਣਾ।
ਨੀਰੀ ਨ ਡੁਬਣੁ ਅਗਿ ਨ ਦਹਣਾ ॥ ੨੨ ॥

---

1 ਉਬਾਲਾ। 2 ਸਮਾਈ (ਹੌਸਲਾ)। 3 ਤੁਰਦੇ ਰਹਿੰਦੇ ਹਨ। 4 (ਵੀਹ) ਲੋਕ (ਇਕੀਹ) ਪਰਲੋਕ ਨੂੰ ਲੰਘ ਕੇ। 5 ਮਗਨ। 6 ਗਿਆਨ ਨਾਲ ਅਘੜ ਮਨ ਨੂੰ ਘੜਾ ਕੇ ਭੂਸ਼ਨ ਰੂਪ (ਸੁੰਦਰ) ਬਣਾ ਲਵੇ 7 ਭਰੋਸਾ। 8 ਸੰਤੋਖ।




www.AKJ.Org

# ਲੇਖ ਸੂਚੀ


| ਨੰ: | ਲੇਖ | ਲੇਖਕ | ਪੰਨਾ |
|---|---|---|---|
| 1. | ਸ਼ਬਦ | | 1 |
| 2. | ਚਰਨ ਕਮਲ ਕੀ ਮਉਜ | ਭਾਈ ਸਾਹਿਬ ਰਣਧੀਰ ਸਿੰਘ ਜੀ | 2 |
| 3. | ਜੈ ਜੈ ਜਗ ਕਰੇ (ਕਵਿਤਾ) | ਸ: ਸੇਵਾ ਸਿੰਘ ਸੇਵਕ, ਤਰਨ ਤਾਰਨ | 33 |
| 4. | ਗੁਰਬਾਣੀ ਬੋਧ | ਪ੍ਰੋ: ਗੁਰਮੁਖ ਸਿੰਘ, ਕਪੂਰਥਲਾ | 34 |
| 5. | ਖੇੜਾ ਅਤੇ ਮਨੁਖੀ ਜੀਵਨ | ਸ: ਗੁਰਚਰਨ ਸਿੰਘ ਐਮ ਏ | 36 |



ਚੋਹਾਨ ਪ੍ਰਿੰਟਿੰਗ ਪ੍ਰੈਸ, E.B, 124 ਕਿਲਾ ਬਜ਼ਾਰ, ਜਲੰਧਰ ਤੋਂ ਛਪਵਾ ਕੇ ਦਲਜੀਤ ਸਿੰਘ ਐਡੀਟਰ ਤੇ ਪਬਲਿਸ਼ਰ ਨੇ ਸਰਬ ਹਿੰਦ ਅਖੰਡ ਕੀਰਤਨੀ ਜਥੇ ਲਈ 305 L ਮਾਡਲ ਟਾਊਣ ਜਲੰਧਰ ਤੋਂ ਪ੍ਰਕਾਸ਼ਤ ਕੀਤਾ।



www.AKJ.Org

ਐਡੀਟਰ
ਦਲਜੀਤ ਸਿੰਘ

# ਸੂਰਾ

ਸਾਲਾਨਾ ਚਦਾ
ਦੇਸ਼ 6 ਰੁਪਏ
ਪ੍ਰਦੇਸ਼ ਸਮੁੰਦਰ 15 ਰੁਪਏ

## ਸਰਬ ਹਿੰਦ ਅਖੰਡ ਕੀਰਤਨੀ ਜੱਥੇ ਦਾ ਗੁਰਮਤਿ ਮਾਸਕ ਪੱਤਰ

ਜਿਲਦ ੬ | ੧ ਫਰਵਰੀ ੧੯੭੩ | ਅੰਕ ੧੩

### ਬਸੰਤ ਮਹਲਾ ੩

ਤਿਨ ਬਸੰਤ ਜੋ ਹਰਿ ਗੁਣ ਗਾਇ ॥
ਪੂਰੇ ਭਾਗਿ ਹਰਿ ਭਗਤਿ ਕਰਾਇ ॥ ੧ ॥
ਇਸੁ ਮਨ ਕਉ ਬਸੰਤ ਕੀ ਲਗੈ ਨ ਸੋਇ ॥
ਇਹੁ ਮਨੁ ਧੰਧੈ ਬਾਂਧਾ ਕਰਮ ਕਮਾਇ ॥
ਮਾਇਆ ਮੂਠਾ ਸਦਾ ਬਿਲ ਲਾਏ ॥ ੨ ॥
ਇਹੁ ਮਨੁ ਛੂਟੈ ਜਾਂ ਸਤਿਗੁਰੁ ਭੇਟੇ ॥
ਜਮਕਾਲ ਕੀ ਫਿਰਿ ਆਵੈ ਨ ਫਟੈ ॥ ੩ ॥
ਇਹੁ ਮਨੁ ਛੂਟਾ ਗੁਰਿ ਲੀਆ ਛਡਾਇ ॥
ਨਾਨਕ ਮਾਇਆ ਮੋਹੁ ਸਬਦਿ ਜਲਾਇ ॥ ੪ ॥

www.AKJ.Org

ੴ ਵਾਹਿਗੁਰੂ ਜੀ ਕੀ ਫਤਹਿ ॥

# ਚਰਨ ਕਮਲ ਕੀ ਮਉਜ

( ੳ )

## ੧. ਅਕਾਲ ਪੁਰਖ ਦਾ ਸਰੂਪ

ਨਾਮ ਰਸਕ ਵੈਰਾਗੀ, ਨਾਮ ਰਹਸ ਅਨੁਰਾਗੀ ਵਾਹਿਗੁਰੂ ਦੇ ਦਰਸ ਮੁਸ਼ਤਾਕ, ਦਰਸ ਹੁਸ਼ਨਾਕ ਭਉਰਿਆਂ ਨੂੰ ਹੀ ਚਰਨ ਕਮਲ ਕੀ ਮਉਜ ਮਾਨਣ ਦੀ ਅਗੰਮੀ ਮਹਿਮਾ ਦਾ ਸਦ ਵਿਗਾਸੀ ਵਿਸਵਾਸ ਭਰੋਸਾ ਹੋ ਸਕਦਾ ਹੈ। ਨਾਮ ਰਸ ਤੋਂ ਵਾਂਜਿਆ ਕੋਰਿਆਂ ਕੋਰੜ ਮੋਠ ਮਨਾਂਜਿਆਂ ਨੂੰ 'ਚਰਨ ਕਮਲ ਕੀ ਮਉਜ' ਦਾ ਅਹਿਸਾਸ ਹੀ ਕੀ ? ਗੂੜ੍ਹ ਗੁਰਮਤ ਦੀ ਕਸ਼ਫ ਕਮਾਲ ਕਰਨੀ ਤੋਂ ਅਜਾਣਾਂ ਨੂੰ 'ਚਰਨ' ਯਾ 'ਚਰਨ ਕਮਲ' ਪਦ ਦਾ ਵਾਹਿਗੁਰੂ ਅਕਾਲ ਪੁਰਖ ਦੀ ਹਸਤੀ ਨਾਲ ਮਨਸੂਬ ਕਰਨਾ ਨਿਰਾ ਮਨਮਤ ਦਾ ਢਕੌਂਸਲਾ ਹੀ ਭਾਸਦਾ ਹੈ। ਵਾਹਿਗੁਰੂ ਦੇ ਸਰੂਪ, ਵਾਹਿਗੁਰੂ ਦੀ ਅਕਾਲ ਮੂਰਤਿ ਹਸਤੀ ਦਾ ਹੀ ਜਿਨਾਂ ਨੂੰ ਯਕੀਨ ਨਹੀਂ ਆਇਆ, ਉਨ੍ਹਾਂ ਦਾ ਵਾਹਿਗੁਰੂ ਦੇ ਚਰਨਾਂ ਉਤੇ ਕਦ ਯਕੀਨ ਬਝ ਸਕਦਾ ਹੈ ? ਵਾਹਿਗੁਰੂ ਦੀ ਸਰੂਪ ਲਖਤਾ ਤੋਂ ਸੁੰਞਿਆਂ ਨੂੰ "ਚਰਨ ਕਮਲ ਕੀ ਮਉਜ" ਦਾ ਕੀ ਪਤਾ ? ਵਾਹਿਗੁਰੂ ਸਰੂਪ ਸਾਖਯਾਤ ਕਾਰੀਆਂ ਅਤੇ ਚਰਨ ਕਮਲ ਮਉਜ ਮਲ੍ਹਾਰੀਆਂ ਨੂੰ ਚਰਨ ਕਮਲ ਦੀ ਮਉਜ ਦੇ ਵਰਨਣ ਕਰਨ ਦੀ ਸਮਰੱਥਾ ਨਹੀਂ ਉਹਨਾਂ ਪ੍ਰਥਾਇ ਹੀ ਏਹ ਗੁਰਵਾਕ ਘਟਦਾ ਹੈ :—

'ਚਰਨ ਕਮਲ ਕੀ ਮਉਜ ਕਉ ਕਹਿ ਕੈਸੇ ਅਨੁਮਾਨ ॥
ਕਹਿਬੇ ਕਉ ਸੋਭਾ ਨਹੀਂ ਦੇਖਾ ਹੀ ਪਰਵਾਨੁ ॥"

( ਸਲੋਕ ਕਬੀਰ ੧੨੧

ਸਚਮੁਚ "ਕਹਿਬੇ ਕਉ ਸੋਭਾ ਨਹੀਂ" । "ਦੇਖਾ ਹੀ ਪਰਵਾਨੁ" ਹੈ ਚਰਨ ਕਮਲ ਕੀ ਮਉਜ ਦੀ ਸੋਭਾ ਦੇ



www.AKJ.Org

ਮੁਸ਼ਤਾਕ ਮੁਤਲਾਸ਼ੀਆਂ ਅਤੇ ਗੁਰਮਤਿ ਦੇ ਸਚੇ ਯਕੀਨਕਾਰ ਖੋਜੀਆਂ ਨੂੰ ਗੁਰਵਾਕਾਂ ਦੀ ਸਚਾਈ ਦਾ ਹੀ ਐਸਾ ਅਮਲ ਚੜ੍ਹਿਆ ਰਹਿੰਦਾ ਹੈ ਕਿ ਉਹ ਸਦਾ ਅਜੇਹੀਆਂ ਹੀ ਜੁਗਤਿ ਵਿਉਂਤਾਂ ਢੂੰਡਦੇ ਹਨ ਅਤੇ ਗੁਰਮਤਿ ਦੇ ਦੁਆਰਿਓਂ ਗੁਰਬਾਣੀ ਅੰਦਰੋਂ ਹੀ ਢੂੰਡਦੇ ਹਨ ਜਿਨ੍ਹਾਂ ਦੇ ਕਮਾਵਣ ਕਰ ਉਹਨਾਂ ਨੂੰ ਗੁਰਬਾਣੀ ਅੰਦਰ ਦਰਸ ਦੀ ਚਰਨ ਕਮਲਾਂ ਦੀ ਮਹਿਮਾ ਵਾਲੀ ਦਰਸ ਵਿਗਾਸ ਰਸਾਈ ਹੋ ਜਾਵੇ। ਸਚ ਮੁਚ ਮਾਅਰਫਤ ਦੇ ਹਕੀਕੀ ਮੁਹੱਕਕਾਂ ( ਖੋਜੀਆਂ ) ਨੂੰ ਪਰਮਾਰਥ ਦੇ ਗੂੜ੍ਹ ਅਗਮੀ ਭੇਦਾਂ ਉਤੇ ਚੂੰ ਚਰਾਂ ਕਦੇ ਨਹੀਂ ਹੁੰਦੀ। ਗੁਰੂ ਘਰ ਦੇ ਅਨਿੰਨ ਭਗਤ ਗੁਰਮੁਖ ਜਨ, ਗੁਰਵਾਕਾਂ ਦੀ ਸਚਾਈ ਉਤੇ ਪੂਰਨ ਭਰੋਸਾ ਰਖਦੇ ਹਨ। ਨਿਉਣਤਾ ਮੰਨਦੇ ਹਨ ਤਾਂ ਆਪਣੀ ਨਿਜ ਕਮਾਈ ਦੀ ਮੰਨਦੇ ਹਨ। ਜੋ ਕੁਛ ਉਹਨਾਂ ਦੀ ਪੰਚ ਭੂਤਕੀ ਅਲਪੱਗ ਬੁਧੀ ਦੇ ਬੋਧ-ਫਹਿਮ ਵਿਚ ਨਹੀਂ ਆਉਂਦਾ, ਉਸ ਤੋਂ ਉਹ ਮੁਨਕਰ ਨਹੀਂ ਹੁੰਦੇ। ਚੰਚਲ ਮਤਿ ਚਤਰਾਈ ਵਾਲੇ ਆਪਣੀ ਅਲਪੱਗ ਸਮਝ ਸੋਚ ਤੋਂ ਅਗੋਚਰ ਕਿਸੇ ਭੀ ਗੂੜ੍ਹ ਪਰਮਾਰਥੀ ਰਾਜ਼ ਰਮਜ਼ਨੀ ਗਲ ਉਤੇ ਏਅਤਕਾਦ ਨਹੀਂ ਲਿਆਉਂਦੇ। ਏਹ ਉਹਨਾਂ ਦੇ ਅਭਾਗ ਹਨ। ਉਹ ਮੁਹੱਕਕ ਨਹੀਂ ਬਣਦੇ। ਉਹ ਖੋਜੀ ਨਹੀਂ ਬਣਦੇ। ਵਾਦੀ ਬਾਦ ਬਿਵਾਦੀ ਹੀ, ਸਾਰੀ ਉਮਰ ਰਹਿੰਦੇ ਹਨ। ਉਹ ਗੁਰਬਾਣੀ, ਧੁਰ ਕੀ ਬਾਣੀ ਦੇ ਅਮਿਤ ਤੱਤ-ਭਰੀ ਆਸ਼ਿਆਂ ਉਤੇ ਈਮਾਨ ਨਹੀਂ ਲਿਆਉਂਦੇ। ਉਹਨਾਂ ਦੀ ਤਾਂ ਗਲ ਹੀ ਕੀ 'ਕਰਨੀ ਹੈ, ਪਰ ਜਿਨਾਂ ਗੁਰੂ ਦੇ ਸਚਿਆਰ ਸਿਖਾਂ ਨੂੰ ਗੁਰੂ ਦੀ ਬਾਣੀ ਉਪਰ ਗੁਰਵਾਕ ਉਪਰ ਪੂਰਨ ਭਰੋਸਾ ਹੈ, ਉਹ ਗੁਰਬਾਣੀ ਅੰਦਰਿ ਲਖਾਈ ਕਿਸੇ ਭੀ ਸਚਾਈ ਤੋਂ ਸਿਰ ਨਹੀਂ ਫੇਰ ਸਕਦੇ। ਫਰਕ ਸਮਝਦੇ ਹਨ ਤਾਂ ਆਪਣੀ ਕਮਾਈ ਵਿਚਿ ਹੀ ਸਮਝਦੇ ਹਨ, ਗੁਰਮਤਿ ਵਿਰੋਧੀ ਅਤੇ ਪਰਮਾਰਥ ਕੁਤਰਕੀ ਲੋਕ ਓਹਨਾਂ ਨੂੰ ਏਹ ਕਹਿਕੇ ਬਹਿਕਾਉਂਦੇ ਹਨ ਕਿ ਦੇਖੋ ਜੀ। ਨਿਰਗੁਣ ਵਾਹਿਗੁਰੂ ਦੇ ਭੀ ਕਦੇ ਚਰਨ ਹੋ ਸਕਦੇ ਹਨ ? ਚਰਨ ਤਾਂ ਸਰਗੁਣ ਮੂਰਤਿ ਵਾਲੇ ਰੱਬ ਦੇ ਹੀ ਹੋ ਸਕਦੇ ਹਨ। ਉਹਨਾਂ ਦੇ ਭਾ ਦਾ ਨਿਰਗੁਣ ਵਾਹਿਗੁਰੂ ਦਾ ਕੋਈ ਸਰੂਪ ਹੀ ਨਹੀਂ। ਗੁਰੂ ਸਾਹਿਬ ਨੇ ਸਿਰੀ ਜਪੁਜੀ ਸਾਹਿਬ ਦੇ ਮੂਲ ਮੁੱਢ ਵਿਚਿ ਹੀ ਕਰਤੇ ਪੁਰਖ ਵਾਹਿਗੁਰੂ ਦਾ 'ਅਕਾਲ ਮੂਰਤਿ' ਰੂਪ ਨਿਰਗੁਣ ਸਰੂਪ ਪ੍ਰਤਿਪਾਦਨ ਕੀਤਾ ਹੈ। ਨਿਰਗੁਣ ਸਰੂਪ ਤੋਂ ਏਹ ਭਾਵ ਹੈ ਕਿ ਏਹ ਸਰੂਪ ਤਰੈਗੁਣੀ ਗੁਣਾਂ ਵਾਲਾ ਨਹੀਂ। ਤਰੈਗੁਣ ਅਬਾਧ ਤੁਰੀਆਗੁਣੀ ਦਿੱਬ ਗੁਣਾਂ ਸੰਪੰਨ ਹਸਤੀ ਵਾਲਾ ਅਕਾਲ ਮੂਰਤੀ ਸਰੂਪ ਹੈ। ਇਸ ਤੋਂ ਮੁਨਕਰ ਹੋਣਾ ਅਕਾਲ ਪੁਰਖ ਦੀ ਹੋਂਦ ਤੋਂ ਹੀ ਮੁਨਕਰ ਹੋਣਾ ਹੈ ਅਕਾਲ ਪੁਰਖ ਦੀ ਮੂਰਤ (ਹਸਤੀ) ਤਾਂ ਹੈ ਪਰ ਕਾਲ ਚਕਰ ਵਿਚ ਆਏ ਤਰੈਗੁਣੀ ਗੁਣਾਂ ਵਾਲੀ ਹਸਤੀ ਨਹੀਂ। ਤੁਰੀਆ ਗੁਣੀ ਦਿੱਬ ਮੂਰਤਿ ਅਕਾਲ ਹਸਤੀ ਹੈ।

## ੨. ਅਕਾਲ ਪੁਰਖ ਦੇ ਚਰਣਾ ਦਾ ਪ੍ਰਤੱਖ ਝਲਕਾ

ਇਸ ਦਿੱਬ ਜੋਤਿ ਮੂਰਤੀ ਦੀ ਲਤੀਫ ਕ੍ਰਾਂਤੀ ਜੋਤ ਕਿਹਣਾ ਦਾ ਨਾਮ ਅਭਿਆਸ ਕਮਾਈ ਦੁਆਰਾ ਗੁਰਮੁਖਾਂ ਦੇ ਘਟ ਅੰਦਰ ਪ੍ਰਗਟ ਹੋਣਾ ਵਾਹਿਗੁਰੂ ਦੇ ਚਰਨ ਕਵਲਾਂ ਦਾ ਰਿਦੰਤਰ ਪਰਵੇਸ਼ ਹੋਣਾ ਹੈ। ਨਾਮੁ: ਪੂਰਨ ਗੁਰਮਤਿ ਜੋਤ ਜੁਗਤਿ ਦੁਆਰਾ ਅਗਾਧ ਅਭਿਆਸ ਕਮਾਈ ਦੇ ਸੁਆਸ ਗਿਰਾਸੀ ਵਿਲੋਵਨ



www.AKJ.Org

ਕਰ ਘਟ ਅੰਦਰ ਬਿਲੋਇਆ ਹੋਇਆ, ਅਚਰਜ ਜੋਤਿ ਰਸ ਵਿਗਾਸੀ ਨਿਰਮੋਲਕ ਹੀਰਾ ਹੋਕੇ ਪਾਰਸ ਮਣੀ, ਅਣੀ ਕਣੀ ਕਰਿ ਰੋਮ ਰੋਮ ਅੰਦਰ ਪਰੋਤਾ ਜਾਂਦਾ ਹੈ। ਏਹੁ ਮਨ ਤਨੁ ਹੀਅੜਾ ਬੇਧੀ: ਜੋਤਿ ਮਣੀਆਂ, ਰਸ-ਤੇਜ ਕਿਹਣ ਕਣੀਆਂ ਅਤੇ ਬਿਸਮ ਆਭਾ ਅਦੋਤ ਅਣੀਆਲੇ ਅਣੀਆ, ਨਾਮ ਗੁਰਮੰਤ੍ਰ ਗੁਰਸ਼ਬਦ : ਵਾਹਿਗੁਰੂ ਜੋਤੀ ਸਰੂਪ ਦੇ ਚਰਨ ਕੰਵਲ ਦਾ ਰਿਦ ਪਰਵੇਸ਼ੀ ਅਤੇ ਜੋਤਿ ਪਰਜੁਲਤੀ ਪਰਤੱਖ ਝਲਕਾ ਹੈ ਗੁਰਵਾਕ :—

"ਹਿਰਦੈ ਚਰਣ ਸਬਦੁ ਸਤਿਗੁਰੂ ਕੇ ਨਾਨਕ ਬਾਧਿਓ ਪਾਲ ॥"

ਭਾਵ ਸਤਿਗੁਰੂ ਸਬਦ ਉਜਾਰੋ ਦੀਪਾ।" ਰੂਪੀ ਵਾਹਿਗੁਰੂ ਦੇ ਚਰਨਕੰਵਲਾਂ ਨੂੰ ਹਿਰਦੇ ਵਿਚ ਪੱਲੇਗੰਢ ਬੰਨ ਕੇ ਉਤਾਰ ਲਿਆ ਹੈ। ਗੁਰੂ ਨਾਨਕ ਸਾਹਿਬ ਦੇ ਘਰ ਦੇ ਅਭਿਆਸ- ਵਾਲੇ ਚਰਨ ਕੰਵਲ ਅਨੁਰਾਗੀਆਂ ਨੇ ਚੂੰਕਿ ਏਹ ਗੁਰਸਬਦ (ਨਾਮ ਗੁਰ ਮੰਤਰ) ਅਭਿਆਸੀ ਜਨਾਂ ਦੇ ਹਿਰਦੇ ਅੰਦਰ ਰਸ-ਜੋਤਿ ਵਿਗਾਸੀ ਅਤੇ ਦਿਬ ਜੋਤਿ ਕ੍ਰਾਂਤੀ ਸੂਖਮ ਚਰਨ ਕਵਲਾਂ ਦਾ ਪ੍ਰਤੀਬਿੰਬਕ ਅਤੇ ਪ੍ਰਕਾਸ਼ਕ ਹੈ। ਤਾਂਤੇ ਗੁਰਬਾਣੀ ਅੰਦਰ ਵਾਹਿਗੁਰੂ ਦੇ ਚਰਨ ਕੰਵਲਾਂ ਦਾ ਪ੍ਰਤਿ ਪਾਦਕ, ਗੁਰਮੰਤਰ; ਗੁਰਸਬਦ ਹੀ ਮੰਨਿਆ ਜਾਂਦਾ ਹੈ। ਗੁਰਸਬਦ (ਗੁਰਮੰਤਰ ਨਾਮ ਦੀ ਅਗਾਧ ਅਭਿਆਸ ਕਮਾਈ ਦੁਆਰਾ ਜਦੋਂ ਹਿਰਦੇ ਅੰਦਰਿ ਜੋਤਿ ਪ੍ਰਗਟ ਹੁੰਦੀ ਹੈ, ਤਾ ਇਹ ਵਾਹਿਗੁਰੂ ਦੇ ਚਰਨ ਕੰਵਲ ਦਾ ਪਹਿਲਾ ਅਨੂਪਮੀ ਦਰਸਨ ਘਟਿ ਅੰਟਰ ਹੀ ਪ੍ਰਾਪਤਿ ਹੁੰਦਾ ਹੈ ਸੋ ਜੋਤਿ ਕ੍ਰਾਂਤੀ ਚਰਨ ਕੰਵਲਾਂ ਦਾ ਰਿਦੇ ਅੰਦਰ ਧਾਰਨਾ ਅਰਥਾਤ ਪ੍ਰਗਟ ਜੋਤਿ ਮਣੀ ਕਿਰਣ ਕਣੀ ਵਾਲਾ ਜੋਤਿ ਜਲਵਨੀ ਚਮਤਕਾਰ ਨਿਹਾਰਨਾ ਵਾਹਿਗੁਰੂ ਜੋਤੀ ਸਰੂਪ ਦੇ ਪਰਤੱਖ ਦਰਸ਼ਨਾ ਅਤੇ ਸਮੀਪੀ ਸਾਂਗੋ ਪਾਂਗ ਮਿਲਾਪ ਦੀ ਮੇਲ ਅਗਵਾਇਨੀ ਨੀਸਾਨੀ ਹੈ। ਜਿਹਾ ਕਿ ਗੁਰਵਾਕ ਹੈ :—

"ਚਲਣ ਕਮਲ ਰਿਦ ਅੰਤਰ ਧਾਰੇ ॥
ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ" ॥੨॥ ੧॥

(ਆਸਾ ਮਹਲਾ ੫)

ਜਿਨ੍ਹਾਂ ਦੇ ਰਿਦੰਤਰ ਜੋਤਿ ਕ੍ਰਿਣ ਭੋਇਣੀ ਚਰਨ ਕੰਵਲਾਂ ਦੇ ਦਾਮਨ ਚਮਤਕਾਰ ਨਹੀਂ ਹੋਏ। ਉਹਨਾ ਨੂੰ ਸਮਝ ਲਵੋ ਕਿ ਵਾਹਿਗੁਰੂ ਅਕਾਲ ਪੁਰਖ ਦਾ ਦਰਸ ਮਿਲਾਪ ਹੋਣਾ ਅਤੀਂ ਕਠਨ ਅਤੇ ਅਸੰਭਵ ਹੈ। ਗੁਰਮਤਿ ਗੂੜ੍ਹ ਤਤ ਪਰਮਾਰਥੀ ਅਕਾਲ ਪੁਰਖ ਵਾਹਿਗੁਰੂ ਦੇ ਦਰਸੁ ਮਿਲਾਪ ਦਾ ਗੁਰਮਤਿ ਗੂੜ੍ਹ ਗਿਆਨ ਪਰਮਾਰਥੀ ਤੱਤ ਵਿਲਖਣਤਾ ਏਥੇ ਗੁਰ-ਗਮ-ਵਿਗਿਆਨੀ ਲਤਾਂਫਤਾ ਦੇ ਗੁਪਤ ਭੇਦ ਵਿਚਿ ਹੈ ਕਿ ਵਾਹਿਗੁਰੂ ਦੇ ਤੁਰੀਆ ਗੁਣੀ ਨਿਰਗੁਣ ਸਰੂਪ ਦੇ ਜੋਤਿ ਜਲਵਨੀ ਦਰਸ਼ਨ ਹੁੰਦੇ ਹਨ ਤਾਂ ਅੰਦਰੋਂ ਘਟਤਰੋਂ ਹੀ ਹੁੰਦੇ ਹਨ, ਬਾਹਰੋਂ ਨਹੀਂ ਹੁੰਦੇ। ਜੋਤੀ ਜ਼ੋਤਿ ਬੇਧੀ ਅੜੇ, ਹੀਰੇ ਹੀਰ ਬਿਧੰਨ ਦਰਸ਼ਨਾਂ ਦਾ ਦਿਬ-ਜੋਤਿ ਲਤੀਫੀ ਅਨੰਦ ਅੰਤਰਿ ਗਤਿ ਹੀ ਮਾਣ ਹੁੰਦਾ ਹੈ ਅਤੇ ਬਿਸਮ ਰੰਗਾਂ ਵਿਚ ਅੰਤਰਿ ਗਤਿ ਹੀ ਸਹਿਜ ਸਮਾਨ ਹੁੰਦਾ ਹੈ। ਪਰ ਇਸ ਚਰਨ ਕਮਲ ਅਨੂਪ



www.AKJ.Org

ਗੁਰਸਬਦ ਰੂਪੀ ਹਰ ਸੰਤ ਮੰਤ ਨੂੰ ਕੋਈ ਵਿਰਲਾ ਗੁਰੂ ਘਰ ਦਾ ਗੁਰਮੁਖ ਸਿਖ ਸਾਧੂ ਹੀ ਜਤਿ ਪਰਜੁਲਤ ਕਰਨੀ ਕਮਾਈ ਵਿਚ ਲਟਾ ਪੀਂਘ ਹੋਕੇ ਲਗਦਾ (ਜੁਟਦਾ) ਹੈ। ਕੋਈ ਐਸਾ ਵਡਿਭਾਗੀ ਗੁਰਮੁਖ ਪਿਆਰਾ ਹੀ ਹੈ ਜੋ ਏਹਨਾਂ ਚਰਨ ਕੰਵਲ ਵਿਗਾਸੀ ਜੋਤਿ ਕ੍ਰਿਸ਼ਮਨੀ ਦਰਸ਼ਨਾਂ ਨੂੰ ਦਰਸਾਵਨ ਹਿਤ ਸਾਧ ਸੰਗਿ ਗੁਰ ਗੁਫਾ ਵਿਚ ਬਹਿਕੇ ਜਾਗ੍ਰਣ ਕਰਦਾ ਹੈ (ਰਾਤ ਜਾਗੇ ਝਗਦਾ ਹੈ) ਅਤੇ ਰਿਦ ਜੋਤਿ ਪਰਜੁਲਤ ਕਰਕੇ ਭੀ ਜਾਗ੍ਰਣ ਜਾਗ੍ਰਤਾਈਆਂ ਦੇ ਅਥਾਹ ਆਤਮ ਰੰਗ ਮਾਣਦਾ ਹੈ, ਸੋਈ ਭਾਵ ਇਸ ਅਗਲੇਰੇ ਗੁਰਵਾਕ ਅੰਦਰ ਪ੍ਰਗਟ ਹੈ :—

"ਚਰਨ ਕਮਲ ਆਨੂਪ ਹਰਿ ਸਤ ਮੰਤ ਕੋਊ ਲਾਗੈ ਸਾਧੂ ॥੩॥
ਨਾਨਕ ਸਾਧੂ ਸੰਗ ਜਾਗੇ ਗਿਆਨ ਰਗ ਵਡਭਾਗੇ ਕਿਰਪਾ ॥

(੪ ॥ ੫ ॥੩੯, ਆਸਾ ਮਹਲਾ ੫ ਘਰ ੫)

ਨਾਮ ਅਹਾਰੀ ਅਭਿਆਸੀ ਜਨਾਂ ਨੂੰ ਅਭਿਆਸ ਕਮਾਈ ਦੁਆਰਾ; ਗੁਰਸ਼ਬਦ ਦਾ ਅਧਾਰ ਐਸਾ ਆਤਮ ਆਨੰਦੀ ਹੋ ਜਾਂਦਾ ਹੈ, ਮਾਨੋ ਕਿ ਉਹ ਸਬਦ ਪਰਜੁਲਤ ਜੋਤਿ ਕ੍ਰਿਣ ਕ੍ਰਾਂਤੀ ਚਰਨ ਕੰਵਲ ਨੂੰ ਘੁਟ ਘੁਟ ਕੇ ਹਿਰਦੇ ਨਾਲਿ ਲਾਈ ਰਖਦੇ ਹਨ ਅਤੇ ਇਸ ਚਰਨ ਕਵਲਣੀ ਮਉਜ ਵਿਚ ਓਤ ਪੋਤਿ ਅੰਗ ਸੰਗਿ ਮਉਲੇ ਰਹਿੰਦੇ ਹਨ। ਉਹ ਵਾਹਿਗੁਰੂ ਜੋਤੀ ਸਰੂਪ ਨੂੰ ਖਿਨ ਖਿਨ ਆਪਣੇ ਸੰਗ ਸਾਥ ਹੀ ਓਤ ਪੋਤ ਵਸਿਆ ਜਾਣਦੇ ਲਿਖਦੇ, ਸਾਂਗੋ ਪਾਂਗ ਲਿਖਦੇ ਹਨ। ਅਤੇ ਲਿਵ ਲੀਣ ਹੋਕੇ ਵਾਹਿਗੁਰੂ ਦੀ ਸਰਣ ਵਿਖੇ ਸਮਾਏ ਰਹਿੰਦੇ ਹਨ ਅਤੇ ਵਾਹਿਗੁਰੂ ਹਰੀ ਧਰਮਾਤਮਾ ਦਾ ਸਦਾ ਉਹਨਾਂ ਦੇ ਸਿਰ ਉਤੇ ਸਦ ਰਹਿਮਤੀ ਹੱਥ ਰਹਿੰਦਾ ਹੈ। ਯਥਾ ਗੁਰਵਾਕ :—

"ਚਰਨ ਅਧਾਰ ਤੇਰਾ ਪ੍ਰਭੂ ਸਵਾਮੀ ਓਤਿ ਪੋਤਿ ਪ੍ਰਭੂ ਸਾਥਿ ॥
ਸਰਨ ਪਰਿਓ ਨਾਨਕ ਤੁਮਰੀ ਦੇ ਰਾਖਿਓ ਹਰਿ ਹਾਥ ॥"

(੪ ॥ ੩੨ ॥ ਗੁਜ਼ਰੀ ਮਹਲਾ ੫)

ਤਾਤੇ ਗੁਰਮਤਿ ਨਾਮ ਅਭਿਆਸੀਆਂ ਦਾ ਨਾਮ ਸਿਮਰਨ ਰੂਪ ਅਰਾਧਣਾ ਨਾਮੀ ਵਾਹਿਗੁਰੂ ਦੇ ਚਰਨ ਕੰਵਲਾਂ ਦਾ ਅਰਾਧਣਾ ਹੈ। ਉਹ ਇਸ ਗੁਰ ਸਬਦ ਸਿਮਰਨ ਰੂਪੀ ਚਰਨ ਕੰਵਲ ਹਿਰਦੇ ਅਰਾਧਨ ਕਰਿ ਇਕ ਅਕਾਲ ਪੁਰਖ ਨਾਲ ਸਦਾ ਲਿਵ ਲਾਏ ਮੇਲ ਮਲਾਏ ਰਹਿੰਦੇ ਹਨ ਅਤੇ ਇਸ ਬਿਧ ਓਹ ਸਮਰਥ ਸੁਆਮੀ ਵਾਹਿਗੁਰੂ ਪਰਮਾਤਮਾ ਦੇਵ ਦੀ ਸਦਾ ਸ਼ਰਣਾਗਤ ਨਿਕਟ ਵਰਤਤਾ ਦਾ ਅਨੰਦ ਮਾਣਦੇ ਹਨ। ਚੂੰਕਿ ਸਦਾ ਅਨੰਦ ਮੇਲ ਕੇਲ ਕਰਨਹਾਰਾ ਅਨੰਦੀ ਸਾਹਿਬ ਸਦਾ ਅਟਲ ਅਛੇਦ ਅਤੇ ਅਭੇਦ ਹੈ। ਤਾਂਤੇ ਉਹ ਅਨੰਦੀ ਹੁਲਾਸੀ ਦੇ ਮੇਲ ਕੇਲ ਦਾ ਅਨਦ ਹੁਲਾਸ ਭੀ ਅਟੱਲ ਅਛੇਦ ਅਭੇਦ ਹੈ ਯਥਾ ਗਰਵਾਕ :—

"ਅਟਲ ਅਛੇਦ ਅਭੇਦ ਸੁਆਮੀ ਸਰਣਿ ਤਾਕੀ ਆਉ ॥
ਚਰਣ ਕਮਲ ਅਰਾਧਿ ਹਿਰਦੈ ਏਕ ਸਿਉ ਲਿਵ ਲਾਉ ॥"

(੩ ॥ ੩ ॥ ੯ ॥ ਗੂਜਰੀ ਮਹਲਾ ੫)



www.AKJ.Org

ਚਰਨ ਕੰਵਲਾਂ ਦਾ ਸਦਾ ਰਸ-ਅਨੰਦ ਹੁਲਾਸ ਮਾਨਣ ਹਾਰੇ ਵਾਹਿਗੁਰੂ ਦੇ ਦਾਸ ਸਦ ਸਦਾ ਹੀ ਚਰਨ ਕੰਵਲਾਂ ਦੀਮਉਜ ਵਿਚਿ ਰੰਗ ਰਤੜੇਰਹਿੰਦੇਹਨ,ਅਤੇ ਏਹ ਰੰਗ-ਚਲੂਲੇ ਓਹਨਾਂ ਦ ਕਦੇ ਭੀ ਉਤਰਦੇ ਉਖੜਦੇਨਹੀਂ। ਆਪ ਦੇ ਦਾਸਾਂ ਦਾ ਸਹਜ ਸੁਖ ਸਮੰਜਨ ਦੀ ਸਦ-ਆਤਮ-ਰੰਗ ਰਹਾਵਨੀ ਪੈਜ ਰਖਦਾ ਹੈ। ਇਸ ਬਿਧਿ ਨਦਰ ਨਿਹਾਲਤਾ ਵਾਲੀ ਆਤਮ ਰੰਗਣ ਵਿਚ ਰਗੀਜ ਕੇ ਚਰਨ ਕੰਵਲ ਰੰਗ ਰਤੜੇ ਰੰਗੀਸ਼ਰ ਦਾਸ ਸਦਾ ਉਹ ਦੇ ਭਾਣੇ ਵਿਚਿ ਹੱਸ ਵਿਗਸ ਕੇ ਮਸਤ ਰਹਿੰਦੇ ਹਨ। ਅਤੇ ਸਹਿਜ ਸੁਰਖਰੂਈ ਦਾ ਸਿਰਪਾਉ ਲੈ ਕੇ ਦਰਗਾਹੀ ਪੈਂਧ ਜਾਂਦੇ ਹਨ ਜੈਸਾ ਕਿ ਇਸ ਅਗਲੇਰ ਗੁਰਵਾਕ ਦਾ ਭਾਵ ਹੈ। :-

'ਮੋਹਿ ਸਰਨਿ ਦੀਨ ਦੁਖ ਭੰਜਨ ਤੂੰ ਦੇਹਿ ਸੋਈ ਪ੍ਰਭ ਪਾਈਐ ॥
ਚਰਣ ਕਮਲ ਨਾਨਕ ਰੰਗ ਰਾਤੇ ਹਰਿ ਦਾਸਹ ਪੈਜ ਰਖਾਈਐ ॥

(੨ ॥ ੧੩ ॥ ੨੨ ॥ ਗੁਜਰੀ ਮਹਲਾ ੫ )

ਅਜਿਹੇ ਬਖਸ਼ੇ ਹੋਏ ਹਰਿ ਦਰਿ ਪੈਧੇ ਗੁਰਮੁਖ ਦਾਸ ਜਨ ਪੁਗ ਪਹੁੰਚ ਕੇ ਭੀ ਇਸ ਬਿਧਿ ਬੇਨਤੀਆਂ (ਅਕਾਲ ਪੁਰਖ ਅੱਗੇ) ਕਰਦੇ ਹਨ।

ਯਥਾ ਗੁਰਵਾਕ :— ਤੂੰ ਦਾਤਾ ਜੀਆ ਸਭਨਾਂ ਕਾ ਬਸਹੁ ਮੇਰੇ ਮਨ ਮਾਹਿ ॥
ਚਰਨ ਕਮਲ ਰਿਦ ਮਾਹਿ ਸਮਾਏ ਤਹ ਭਰਮ ਅੰਧੇਰਾ
ਨਾਹੀ ॥ ੧ ॥ ਠਾਕੁਰ ਜਾ ਸਿਮਰਾ ਤੂੰ ਤਾਹੀ ॥ ਕਰਿ
ਕਿਰਪਾ ਸਰਬ ਪ੍ਰਤਿਪਾਲਕ ਪ੍ਰਭੂ ਕਉ ਸਦਾ ਸਲਾਹੀ
॥ ੧ ॥ ਰਹਾਉ ॥ ਸਾਸਿ ਸਾਸਿ ਤੇਰਾ ਨਾਮ ਸਮਾਰਉ
ਤੁਮ ਹੀ ਕਉ ਪ੍ਰਭ ਆਹੀ ॥ ਨਾਨਕ ਟੇਕ ਭਈ ਕਰਤੇ
ਕੀ ਹੋਰ ਆਸ ਬਡਾਣੀ ਲਾਹੀ ॥

(੨ ॥ ੧੦ ॥ ੧੯ ॥ ਗੁਜਰੀ ਮਹਲਾ ੫)

ਇਸ ਬਿਧ ਬਿਨੈ ਜੋਦੜੀ ਕਰਨ ਦਾ ਵਲ ਸੁਚੱਜ ਸਿਖਾਉਂਦੇ ਹਨ :-

ਹੇ ਦਾਤਾਰ ! ਵਾਹਿਗੁਰੂ! ਤੂੰ ਸਭਨਾਂ ਜੀਆ ਦਾ ਦਾਨ ਦਾਭ ਹੈਂ। ਕਿਰਪਾ ਕਰਕੇ ਜੀਆ ਦਾਨ ਵਾਲੀ ਦਾਤ ਆਪਨੇ ਮੰਗਤ ਜਨ ਨੂੰ ਦੇਹੋ ਜੀ। ਅਤੇ ਛਿਨ ਛਿਨ ਨਾਮ ਅਭਿਆਸ ਕਮਾਈ ਵਾਲੀ ਅਮੋਘ ਦਾਤ ਬਖਸ਼ ਕੇ ਹਰ ਦਮ ਮੇਰੇ ਹਿਰਦੇ ਵਿਖੇ ਵਸੇ ਰਹੋ ਜੀ ਇਸ ਕਦੇ ਨਾ ਵਿਸਰਨ ਵਾਲੇ ਛਿਨ ੨ ਨਾਮ ਅਭਿਆਸੀ ਕਸ਼ਫ ਕਮਾਲ ਕਮਾਈ ਪਰਾਪਤ ਕਰਿ ਰਸ-ਜੋਤਿ-ਕ੍ਰਿਸ਼ਮੀ ਅੰਮ੍ਰਿਤਧਾਰਾ ਜੋ ਘਟ ਅੰਤਰ ਝਿਮਿ ਝਿਮਿ ਵਰਸੇਗੀ, ਉਹ ਵਾਹਿਗੁਰੂ ਜੋਤਿ ਸਰੂਪ ਦੇ ਅਮਿਉ ਚਰਨ ਕੰਵਲਾਂ ਦਾ ਅੰਤਰਿ-ਆਤਮੇ ਵੁਠਣਾ ਹੈ। ਜਦੋਂ ਇਸ ਬਿਧ ਅਮਿਉ ਝਕੋਲਨੇ ਜੋਤ ਝਿਮਕੋਲਨੇ ਰਸ ਦਾਮਨ ਦਮਕੰਨੇ ਜਲਵ ਜਗੰਨੇ ਨਾਮ ਰਤਨ ਰੂਪ ਪਾਰਸ ਚਰਨ ਕੰਵਲਾਂ ਦਾ ਰਿਦ ਮਾਹਿ ਸਮਾਵਨਾ



www.AKJ.Org

ਹੁੰਦਾ ਹੈ। ਤਿਥੇ ਤਵੋਂ —

"ਨਾਮ ਜਪਤ ਕੋਟਿ ਸੂਰ ਉਜਾਰਾ ਬਿਨਸੈ ਭਰਮੁ ਅੰਧੇਰਾ॥"

[ਜੈਤਸਰੀ ਮ ੫

ਦੇ ਭਾਵ ਅਨੁਸਾਰ ਭਰਮ ਅਗਿਆਨ ਅੰਧਾਰ ਮਈ ਧੁੰਦ ਗੁਬਾਰ ਸਭ ਮਿਟ ਜਾਂਦਾ ਹੈ। ਤ੍ਰੈਗੁਣੀ ਗੁਣਾਂ ਦਾ ਗਿਆਨ ਭੀ ਅਗਿਆਨ ਮਈ ਭਰਮ ਅੰਧੇਰਾ ਹੀ ਹੈ। ਜਦੋਂ ਨਾਮ ਰਤੰਨੜਾ ਜੋਤਿ ਜਗੰਨੜਾ ਦ੍ਰਿਸ਼ਟ ਅਗਮੜਾ ਭਾਨ ਘਟ ਅੰਤਰਿ ਪਰਕਾਸ਼ ਹੁੰਦਾ ਹੈ ਤਾਂ ਉਥੇ ਇਸ ਨਾਮ ਜੋਤਿ ਪਰਕਾਸ਼ ਦੇ ਅਗੇ ਏਸ ਦ੍ਰਿਸ਼ਟਮਾਨ ਸੂਰਜ ਸਾਰਖੇ ਕੋਟਾਨ ਕੋਟ ਸੂਰਜਾਂ ਦਾ ਚਾਨਣਾ ਭੀ ਮਾਤ ਹੈ। ਐਸੀ ਮੇਰੇ ਰਿਦ ਵਿਗਾਸੀ ਚਰਨ ਕੰਵਲਾਂ ਦੇ ਜੋਤਿ ਬਿਜਲਾਰੀ ਚਾਨਣੇ ਦੀ ਮਹਿਮਾ ਹੈ। ਨਾਮ ਦਾ ਸਿਮਰਣ ਹੀ ਏਹ ਜੋਤਿ ਜਗਨਾਰੀ ਭਾਨ ਉਦੇ ਕਰਾਉਂਦਾ ਹੈ ਅਤੇ ਹਿਰਦੇ ਅੰਦਰਿ ਕਰਾਉਂਦਾ ਹੈ। ਤਾਂਤੇ ਇਹ ਸਿਮਰਨ ਦੀ ਪਾਰਸ ਕਲਾ ਵਾਲਾ ਨਾਮ ਕੀ ਹੈ? ਚਰਨ ਕੰਵਲ ਜੋਤਭਾਨ ਪ੍ਰਕਾਸ਼ੀ ਚਸ਼ਮਾ ਹੈ। ਇਸ ਰਸ-ਜੋਤਿ ਕ੍ਰਿਸ਼ਮ ਕਲਾ ਅੰਦਰਿ ਕਮਾਇਆ ਹੋਇਆ ਨਾਮ ਜਦੋਂ ਭੀ ਜਿਸ ਛਿਨ ਭੀ ਸਿਮਰਨ ਸਾਵਧਾਨਤਾ ਪ੍ਰਾਪਤ ਕਰਦਾ ਹੈ ਤਦੋਂ ਹੀ, ਤਿਸ ਛਿਨ ਅੰਤਰਿ ਹੀ ਨਾਮ ਨਾਮੀ ਅਭੇਦ ਵਾਹਿਗੁਰੂ ਸਾਕਸ਼ਾਤ ਹੋ ਕੇ ਸਨਮੁਖ ਆਣਿ ਖਲੋਂਦਾ ਹੈ। ਤਾਂਹੀ ਤਾਂ ਉਪਰਲੇ ਵਾਕ ਅੰਦਰ ਇਉਂ ਅਉਤਰਨ ਹੋਇਆ ਹੈ "ਠਾਕਰ ਜਾ ਸਿਮਰਾ ਤੂੰ ਤਾਹੀ" ਹੇ ਠਾਕੁਰ ! ਜਦੋਂ ਭੀ ਮੈਂ ਤੈਨੂੰ ਸਿਮਰਦਾ ਹਾਂ। ਤਦੋਂ ਹੀ ਤਿਸ ਛਿਨ ਹੀ ਤੂੰ ਹਾਜ਼ਰ ਨਾਜ਼ਰ ਨੂਰ ਜ਼ਹੂਰ ਆ ਦਿਖਾਉਂਦਾ ਹੈਂ। ਤਾਂ ਤੇ ਹੇ ਮੇਰੇ ਪ੍ਰਭੂ ਪਰਮਾਤਮਾਂ ! ਹੇ ਮੇਰੇ ਸਾਰਿਆਂ ਨੂੰ ਸਰਬ ਸ੍ਰਿਸ਼ਟੀ ਨੂੰ ਪ੍ਰਤਿ ਪਾਲਣ ਹਾਰੇ ! ਐਸੀ ਕਿਰਪਾ ਕਰਿ ਕਿ ਮੈਂ ਤੇਰੇ ਇਸ ਪਾਰਸ ਪਰਤਾਪੀ ਮਿਸਰਨ ਨੂੰ ਸਦਾ ਸਦ ਹੀ ਸਲਾਹਾਂ, ਇਕ ਨਿਮਖ ਭੀ ਕਦੇ ਨਾ ਛਡਾਂ। ਛਿਨ ਛਿਨ ਤੇਰੀ ਹੀ ਬਿਸਮ ਰਸਾਈ ਦੀ ਸਿਫਤਿ ਸਾਲਾਹ ਕਰੀ ਜਾਵਾਂ। ਸੁਆਸਿ ਸੁਆਸਿ ਤੇਰੇ ਹੀ ਨਾਮ ਦਾ ਸਿਫਤਿ ਸਾਲਾਹੀ ਸਿਮਰਨ ਸਮਾਰਨ ਕਰੀ ਜਾਵਾਂ। ਅਤੇ ਮੈਨੂੰ ਸਦਾ ਤੇਰੇ ਸਿਮਰਨ ਦਾ ਤੇਰੀ ਦਰਸ ਲੋਚਨੀ ਸਿਫਤ ਸਾਲਾਹ ਦਾ ਆਹਰੁ ਹੀ ਬਣਿਆ ਰਹੇ। ਬਸ। ਗੁਰੂ ਨਾਨਕ ਸਾਹਿਬ ਦੇ ਘਰ ਦੇ ਸਿਫਤ ਸਾਲਾਹੀ ਰਸ ਜੋਤਿ ਵਿਗਾਸੀ ਅਭਿਆਸੀ ਜਨਾਂ ਨੂੰ ਇਕ ਕਰਤੇ ਪੁਰਖ ਦੀ ਹੀ ਸਰਧਾ-ਭਰੋਸਨੀ ਟੇਕ ਹੈ। ਬਸ। ਉਹਨਾਂ ਨੇ ਇਕ ਗੁਰੂ ਕਰਤਾਰ ਦੀ ਆਸ ਤੋਂ ਬਿਹੂਣ ਹੋਰ ਦੂਤੀਆ ਆਸ ਬਿਗਾਨੜੀ ਲਾਹ ਛਡੀ ਹੈ।

ਨਾਮ ਸਿਮਰਨ ਰੂਪੀ ਜਪ ਜਾਪ ਕਮਾਈ ਦਾ ਐਸਾ ਪਰਤਾਪ ਹੈ ਕਿ ਵਾਹਿਗੁਰੂ ਨਾਮ ਦੀ ਸੁਆਸ ਸੁਆਸ ਸਿਮਰਨ ਰੂਪੀ ਸੇਵਾ ਨਾਮ ਸਿਮਰਨ ਹਾਰੇ ਸੇਵਕ ਜਨ ਨੂੰ ਭਵ ਸਾਗਰੋਂ ਪਾਰ ਉਤਾਰ ਦਿੰਦੀ ਹੈ ਅਤੇ ਦੀਨ ਦਇਆਲ ਪ੍ਰਭੂ ਪ੍ਰਮਾਤਮਾ ਦੀ ਐਸੀ ਕਿਰਪਾ ਹੋ ਜਾਂਦੀ ਹੈ ਕਿ ਬਹੁੜ ਬਹੁੜ ਜਨਮ ਧਾਰ ਕੇ ਉਸ ਨੂੰ ਲਖ ਚੁਰਾਸੀ ਜੂਨਾਂ ਦੇ ਗੇੜ ਵਿਚਿ ਪੈਣ ਦੀ ਜਮ ਮਾਰ, ਜਨ-ਜੰਦਾਰ ਤਾੜਨਾ ਮਈ ਸਜ਼ਾਵਾਂ ਨਹੀਂ ਸਿਰ ਸਹਿਣੀਆਂ ਪੈਂਦੀਆਂ। ਸਤਿਸੰਗ ਸਮਾਂਗਮਾਂ ਵਿਚ ਪ੍ਰਸਪਰ ਰਲ ਮਿਲ ਬਹਿਕੇ ਗੁਰਬਾਣੀ ਰੂਪ ਗੁਣ ਗਾਉਣ ਕਰ; ਭਾਵ



www.AKJ.Org

ਗੁਰਬਾਣੀ ਦਾ ਕੀਰਤਨ ਕਰਨ ਕਰ, ਮਾਨੁਖਾ ਦੇਹ ਧਾਰਨੀ ਰਤਨ ਜਨਮ ਅਜਾਈਂ ਨਹੀਂ ਜਾਂਦਾ, ਸਗੋਂ ਲੇਖੇਲਗ ਜਾਂਦੀਹੈ। ਹਾਰੀਦਾ ਨਹੀਂ,ਜਨਮਜਿਤਕੇ ਜਾਈਦਾ ਹੈ। ਵਾਹਿਗੁਰੂ ਦੇਗੁਣ ਗਾਵਣ ਦੀ,ਅਖੰਡ ਕੀਰਤਨ ਕਰਨ ਦੀ,ਏਹਪਾਰਸ ਕਲਾ ਕਮਲਾਣੀ ਮਹਿਮਾਂ ਹੈ ਇਸ ਬਿਖੈ ਬਨ ਰੂਪੀ ਭਵਜਲ ਨੂੰ ਸੁਖੈਨ ਹੀ ਤਰ ਜਾਈਦਾਹੈ ਅਤੇ ਸਮੂਹ ਕੁਲਾਂ ਦਾ ਭੀ ਉਧਾਰ ਹੋ ਜਾਂਦਾ ਹੈ । ਵਾਹਿਗੁਰੂ ਨਾਮ ਦੇ ਸਾਸਿ ਗਿਰਾਸ ਉਚਾਰਨ ਕਰਨ ਕਰਿ ਵਾਹਿਗੁਰੂ ਦੇ ਚਰਨ ਕੰਵਲ ਰਿਦ ਭੀਤਰ ਬਸ ਜਾਂਦੇ ਹਨ ਅਤੇ ਬਸ ਕੇ ਧਸ ਜਾਂਦੇ ਹਨ । ਇਸ ਬਿਧਿ ਜਗਦੀਸ਼ਰ ਵਾਹਿਗੁਰੂ ਦੇ ਚਰਨ ਕਵਲ ਕੀ ਓਟ ਗਹਿਕੇ ਗੁਰੂ ਨਾਨਕ ਸ਼ਾਹਿਬ ਦੇ ਘਰ ਦੇ ਭਗਤ ਜਨ ਵਾਹਿਗੁਰੂ ਸਚੇ ਸਾਹਿਬ ਦੇ ਚਰਨ ਕੰਵਲਾਂ ਵਿਟਹੁੰ ਪੁਨਹਿ ਪੁਨਹਿ ਵਾਰਨੇ ਬਲਿਹਾਰੇ ਜਾਂਦੇ ਹਨ । ਇੰਨ ਬਿਨ ਸੋਈ ਇਸ ਅਗਲੇਰੇ ਗੁਰਵਾਕ ਦਾ ਭਾਵ ਹੈ :-

'ਹਰਿ ਜਪਿ ਸੇਵਕੁ ਪਾਰਿ ਉਤਾਰਿਓ ॥ ਦੀਨ
ਦਇਆਲ ਭਏ ਪ੍ਰਭ ਅਪਨੇ ਬਹੁੜਿ ਜਨਮ ਨਹੀਂ
ਮਾਰਿਓ ॥ ੧ ॥ ਰਹਾਉ ॥ ਸਾਧ ਸਗਮਿ ਗੁਣ ਗਾਵਹ
ਹਰਿਕੇ ਰਤਨ ਜਨਮ ਨਹੀਂ ਹਾਰਿਓ ॥ ਪ੍ਰਭ ਗੁਨ
ਗਾਇ ਬਿਖੈ ਬਨੁ ਤਾਰਿਆ ਕੁਲਹ ਸਮੂਹ ਉਧਾਰਿਓ ॥ ੧ ॥
ਚਰਨ ਕਮਲ ਬਸਿਆ ਰਿਦ ਭੀਤਰ ਸਾਸਿ ਗਿਰਾਸਿ
ਉਚਾਰਿਓ ॥ ਨਾਨਕ ਓਟ ਗਹੀ ਜਗਦੀਸੁਰ ਪੁਨਹ
ਪੁਨਹ ਬਲਹਾਰਿਓ (॥ ੨੪ । ੩੦ ਦੇਵ ਗੰਧਾਰੀ ਮਹਲਾ ੫)
ਵਾਹ ! ਵਹ ! ਧਨ ਚਰਨ ਕੰਵਲ ! ਰਿਦ ਭੀਤਰਿ ਬਸਨਹਾਰੇ

ਚਰਨ ਕੰਵਲ ! ਰਿਦ ਭੀਤਰ ਚਰਨ ਕਵਲ ਬਸਣ ਕਰਿ, ਰਿਦ ਭੀਤਰ ਚਰਨ ਕਵਲਾਰੀ ਰਸ-ਬੋਹ ਬੋਹਾਰੀ ਕ੍ਰਿਣ ਪ੍ਰਕਾਸ਼ ਹੋਣਿ ਕਰਿ ਵਾਹਿਗੁਰੂ ਦੇ ਪ੍ਰਤੱਖ ਦਰਸ਼ਨ ਸਮੁਚੇ ਜੋਤਿ ਸਰੂਪੀ ਦਰਸ਼ਨਾਂ ਦਾ ਉਮਾਹ ਹੋਰਭੀ ਚਰਨ ਕੰਵਲ ਬੋਹਾਰੀਆਂ ਦੇ ਹਿਰਦਿਆਂ ਅੰਦਰਿ ਉਮਗਾਉ ਦੇ ਹਨ ਅਤੇ ਉਹ ਇਹਨਾਂ ਚਰਨ ਕੰਵਲਾਰੀ ਦਰਸ਼ਨਾਂ ਤੋਂ ਹੀ ਬਲਿਹਾਰੇ ਹੋ ਹੋ ਜਾਂਦੇ ਹਨ । ਯਥਾ ਗੁਰਵਾਕ :—

"ਚਰਨ ਕਮਲ ਹਿਰਦੈ ਉਰਧਾਰੇ ॥
ਤੇਰੇ ਦਰਸਨ ਕਉ ਜਾਈ ਬਲਿਹਾਰੇ ॥"

ਵਡਹੰਸ ਮਹਲਾ ੫)

ਰਿਦ ਜੋਤ ਵਿਗਾਸੀ, ਰਸ ਕ੍ਰਿਣ ਭੌਆਸ ਚਰਨ ਕਵਲਾਂ ਦਾ ਦਰਸਾਰ ਹੀ ਰਸ ਦਰਸ ਭੁੰਚਾਰੀਆਂ ਨੂੰ ਖਿਨ ਖਿਨ ਖੀਵਾ ਰਖਦਾ ਹੈ ਸਮੁਚੇ ਦਰਸਣਾਂ ਦੇ ਝਲਕਾਰ ਨੂੰ ਬੇ ਓੜਕ ਵਿਸਮਾਦ ਜਨਕ ਹੈ । ਰਿਦ ਚਰਨ ਕਵਲ ਵਿਗਾਸੀ, ਬਿਸਮ ਸੁਬਾਸੀ ਨਾਮ ਦੀ ਸੁਗੰਧ ਰਸ ਰਮਨੀ ਪਤ ਲੈ ਕੇ ਹੀ ਨਾਮ ਰਸ-ਸੁਆਦ



www.AKJ.Org

ਬਿਸਮਾਦੀ ਬਿਮਲ ਜਨ ਹੋਰੋ ਹੋਰ ਨਾਮ ਜਪ ਜਾਪ ਅਭਿਆਸ ਕਮਾਈ ਵਿਚ ਲਿਪਤੁ, ਲਿਵ ਖਿਵਤ ਹੋ ਹੋ ਪੈਂਦੇ ਹਨ। ਨਾਮ ਰਸ ਜੋਤਿ ਪ੍ਰਕਾਸ਼ ਦਾ ਰਸ ਮਗਨ ਅਹਿਲਾਦੀ ਆਨੰਦ ਕਮਲ ਮਉਜਾਰੀਆਂ ਨੂੰ ਦਿਨ ਰੈਣ ਏਸੇ ਆਹਰ ਵਿਚ ਹੀ ਰਖਦਾ ਹੈ ਕਿ ਉਹ ਹੋਰ ਭੀ ਤਦ ਰੂਪ ਹੋ ਕੇ ਨਾਮ ਸਿਮਰਨ ਵਿਚ ਜੁਟ ਜਾਣ। ਜਿਉਂ ਉਹ ਜੁਟਦੇ ਹਨ ਤਿਉਂ ਤਿਉਂ ਨਾਮ ਮਹਾਂ ਰਸ ਦਾ ਗਟਕ ਵਧ ਤੋਂ ਵਧ ਅੰਮ੍ਰਿਤ ਬਿਸਮਾਦ ਦੇ ਸੁਆਦ ਰੰਗਾਂ ਵਿਚ ਪੀਂਦੇ ਹਨ ਅਤੇ ਚਰਨ ਕਮਲ ਦੀਆਂ ਮੌਜਾਂ ਅਨੂਠੜੇ ਆਤਮ ਅਉਜ ਵਿਚ ਮਾਣਦੇ ਹਨ। ਯਥਾ ਗੁਰਵਾਕ :—

"ਦਿਨ ਰੈਣ ਸੁਹਾਵੜੀ ਆਈ ਸਿਮਰਤ ਨਾਮ ਹਰੇ ॥
ਚਰਣ ਕਮਲ ਸੰਗਿ ਪ੍ਰੀਤਿ ਕਲਮਲ ਪਾਪ ਟਰੇ।
ਦੂਖ ਭੂਖ ਦਾਰਿਦ੍ਰ ਨਾਠੇ ਪ੍ਰਗਟ ਮਗੁ ਦਿਖਾਇਆ ॥
ਮਿਲਿ ਸਾਧ ਸੰਗੇ ਨਾਮ ਰੰਗੇ ਮਨਿ ਲੋੜੀਂਦਾ ਪਾਇਆ ॥
ਹਰਿ ਦੇਖਿ ਦਰਸਨੁ ਇਛ ਪੁੰਨੀ ਕੁਲ ਸਭਿ ਤਰੇ ॥
ਦਿਨਸੁ ਰੈਣਿ ਅਨੰਦ ਅਨਦਿਨ ਸਿਮਰੰਤ ਨਾਨਕ
ਹਰਿ ਹਰੇ" ॥ ੪ ॥ ੩ ॥ ੯ ॥

(ਆਸਾ ਮਹਲਾ ੫ ਛੰਦ ਘਰ। ੬।)

ਨਾਮ ਸਿਮਰਦੇ ਹੋਏ ਹੀ ਦਿਨ ਰੈਣ ਦੀਆਂ ਸਾਰੀਆਂ ਘੜੀਆਂ ਸੁਹਾਵੜੀਆ ਹੁੰਦੀਆ ਹਨ, ਸਫਲੀਆਂ ਹੀ ਨਹੀਂ, ਸੁਹਾਵੜੀਆਂ ਹੁੰਦੀਆਂ ਹਨ। ਨਾਮ ਨੂੰ ਸਿਮਰ ਸਿਮਰ ਕੇ ਜਦੋਂ ਚਲੂਲੜੇ ਆਤਮ ਰੰਗ ਖਿੜਦੇ ਹਨ, ਤਦੋਂ ਇਨ੍ਹਾਂ ਆਤਮ ਰੰਗਾਂ ਵਿਚ ਰੰਗੀਜੀ ਬਿਰਤੀ ਵਿਚ ਬਤੀਤੇ ਰੈਣ ਦਿਵਸ ਅਤਿ ਸੁਹਾਵਣੇ ਅਤੇ ਰਸ-ਭਿਨੜੇ ਹੋ ਜਾਂਦੇ ਹਨ। "ਭਿੰਨੜੀ ਰੈਣਿ ਭਲੀ ਦਿਨਸ ਸੁਹਾਵੜੇ ਰਾਮ" ਵਾਲੇ ਗੁਰਵਾਕ ਦੇ ਭਾਵ ਵਾਲੇ ਹੋ ਜਾਂਦੇ ਹਨ ਅੱਖੀਆਂ ਪ੍ਰੇਮ ਕਸਾਈਆਂ ਅਤੇ ਅੰਮ੍ਰਿਤ ਰਸ ਰਮਨਾਈਆਂ ਹੋ ਜਾਂਦੀਆਂ ਹਨ। ਹਿਰਦਾ ਕੰਵਲ ਖਿੜ ਕੇ ਅੰਮ੍ਰਿਤ ਸਰ ਜੋਤਿ ਜਗੰਨਾ, ਮਹਾਂ ਅਨੰਦ ਸਾਦ ਸੁਪ੍ਰਸੰਨਾ ਹੋ ਜਾਂਦਾ ਹੈ। ਜਲਵ ਜਮਾਲ ਰਤੰਨੜੇ ਚਰਨ ਕਮਲ ਦਾ ਵਿਗਸ ਵਿਗਾਸੀ ਨਿਵਾਸ ਹਿਰਦੇ ਨੂੰ ਹੋਰ ਭੀ ਪਰ ਫੁਲਤ ਕਰ ਦਿੰਦਾ ਹੈ। ਚਰਣ ਕਮਲ ਸੰਗਿ ਪ੍ਰੀਤਿ" ਦਾ ਪ੍ਰੇਮ ਖੇੜਾ ਅਤੇ ਪ੍ਰੀਤ ਪਿਰੰਮੜੀ ਰਸ ਜਫੜੀਆਂ ਦਾ ਲਪਟ ਲਪੇਟੜਾ ਏਸ ਅਨੂਪਮ ਆਤਮ ਬਵਜਥਾ ਵਿਚ ਹੀ ਖੇਡ ਕੇ ਬਝਦਾ ਹੈ। ਪ੍ਰੀਤਮ ਪ੍ਰਭ ਪ੍ਰਮਾਤਮਾ ਅਤੇ ਪ੍ਰੀਤਮ ਮਨਮੋਹਨੜੇ, ਘਟਿ ਸੋਹਨੜੇ, ਪ੍ਰਾਨ ਅਧਾਰੜੀਏ ਸੁੰਦਰ ਸੋਭ ਅਪਾਰੜੀਏ, ਲਾਲ ਗੁਪਾਲ ਦਇਆਲ ਗੋਬਿੰਦ ਸੰਗਿ ਗੰਢਿ ਪੀਡੜੀ ਪ੍ਰੀਤਿ ਦੇ ਪਰਭਾਵ ਕਰਕੇ "ਕਲਮਲ ਪਾਪ ਸਾਰੇ ਟਲ ਜਾਂਦੇ ਹਨ, ਦੁਖ ਭੁਖ ਦਲਿਦਰ ਸਭਿ ਨਠ ਜਾਂਦੇ ਹਨ ਅਤੇ ਪਰਾਮਤਮਾ ਦਾ ਕਸ਼ਫ ਕਸ਼ਾਫੀ ਪੁਨੀਤ ਮਾਰਗ ਪ੍ਰਗਟ ਪਹਿਰੇ ਰੋਸ਼ਨ ਜਾਪਣ ਲਗ ਪੈਂਦਾ ਹੈ।



www.AKJ.Org

ਸਾਧ ਸੰਗਮੀ ਮਿਲਾਪ ਕਰਕੇ ਨਾਮ ਰੰਗਨੀ ਆਤਮ ਇਨਕਸ਼ਾਫ ਸਹਿਜੇ ਹੀ ਹੋਇ ਅਵੰਦਾ ਹੈ। ਲੋੜਿੰਦੜੇ ਜਾਨੀ ਪ੍ਰੀਤਮ ਸਾਜਨੜ ਸੁਆਮੀ ਵਾਹਿਗੁਰੂ ਨੂੰ ਪਾ ਲਈਦਾ ਹੈ ਅਤੇ ਤਿਸ ਜਾਨੀਅੜੇ ਦਾ ਸਾਂਗੋ ਪਾਗ ਦਰਸ ਦਰਸਾ ਲਈਦਾ ਹੈ, ਜਿਸ ਦਰਸ਼ਨ ਨੂੰ ਦੇਖ ਕੇ ਚਿਰਾਂ ਦੀ ਚਿਤਵੀ ਇਛਿਆ ਪੁਗ ਖਲੋਦੀ ਹੈ। ਇਸ ਬਿਧ ਇਛ ਪੁੰਨੜੇ ਚਰਨ ਕੰਵਲ ਸਉਜਾਰੀਆਂ ਅਤੇ ਦਰਸਨ ਲਿਵ ਮਗਨਾਰੀਆਂ ਦੀਆ ਸਾਰੀਆਂ ਕੁਲਾਂ ਭੀ ਤਰ ਜਾਦੀਆਂ ਹਨ ਤੇ ਉਹ ਖ਼ੁਦ ਉਸ ਲਿਵ ਬਿਵਸਥਾ ਵਿਚ ਭੀ ਦਿਨ ਰਾਤ ਨਾਮ ਸਿਮਰਨ ਦੇ ਅਨੰਦ ਵਿਚ ਮਫਤੂਨ ਰਹਿੰਦੇ ਹਨ। ਐਸੇ ਰਾਮ ਪਿਆਰੇ ਅਨਦਿਨ ਸਦਾ ਨਾਮ ਸਿਮਰਨ ਵਿਚ ਹੀਂ ਸਾਵਧਾਨ ਹੋ ਕੇ ਜਾਗਦੇ ਰਹਿੰਦੇ ਅਤੇ ਉਹਨਾਂ ਦੇ ਹਿਰਦੇ ਚਰਨ ਕੰਵਲ ਦਾ ਧਿਆਨ ਹੀ ਰਹਿੰਦਾ ਹੈ। ਚਰਨ ਕੰਵਲਾਂ ਦਾ ਧਿਆਨ ਹੀ ਧਰਦੇ ਹੋਏ ਉਹ ਅਨੰਦ ਅਹਿਲਾਰੀ ਜਨ ਏਹੋ ਬੇਨਤੀਆਂ ਕਰਦੇ ਹਨ ਕਿ ਹੇ ਵਾਹਿਗੁਰੂ। ਤੂੰ ਸਾਥੋਂ ਇਕ ਖਿਨ ਭੀ ਨਾ ਬਿਸਰ ਜਾਈਂ ਜੈਸਾ ਕਿ ਇਸ ਗੁਰਵਾਕਦਾ ਭਾਵ ਹੈ :—

"ਰਾਮ ਪਿਆਰੇ ਸਦਾ ਜਾਗਹਿ ਨਾਮੁ ਸਿਮਰਹਿ ਅਨੁਦਿਨੋ ॥
ਚਰਣ ਕਮਲ ਧਿਆਨੁ ਹਿਰਦੈ ਪ੍ਰਭੂ ਬਿਸਰੁ ਨਾਹੀ ਇਕ ਖਿਨੋ ॥

(ਆਸਾਛੰਦ ਮਹਲਾ ੫ ਘਰ ੭)

ਗੁਰਮਤਿ ਨਾਮ ਦਾ ਧਿਆਵਣਾ ਅਤੇ ਚਰਨ ਕੰਵਲਾਂ ਦਾ ਧਿਆਵਣਾਂ ਨਾਮ ਦਾ ਜਪ ਸਿਮਰਣ ਕਰਨਾ ਅਤੇ ਚਰਨ ਕੰਵਲਾਂ ਦਾ ਜਾਪ ਸਿਮਰਨ, ਇਕੋ ਆਤਮ ਬਵਸਥਵੀ ਭਾਵ ਅਰਥ ਰਖਦਾ ਹੈ ਯਥਾ ਗੁਰਵਾਕ :—

"ਚਲਤ ਬੈਸਤ ਸੋਵਤ ਜਾਗਤ ਗੁਰ ਮੰਤ੍ਰੁ ਰਿਦੈ ਚਿਤਾਰਿ ॥
ਚਰਣ ਸਰਣ ਭਜੁ ਸੰਗਿ ਸਾਧੂ ਭਵ ਸਾਗਰ ਉਤਰਹਿ ਪਾਰਿ ॥

(੧ ॥ ੩੫ ॥ ਮਾਰੂ ਮਹਲਾ ੫)

'ਸੋਈ ਬਿਧਾਤਾ ਖਿਨੁ ਖਿਨੁ ਜਪੀਐ ॥ ਜਿਸੁ ਸਿਮਰਤ
ਅਵਗੁਣ ਸਭਿ ਢਕੀਐ ॥ ਚਰਣ ਕਮਲ ਉਰ ਅੰਤਰਿ ਧਾਰਹੁ ॥
ਬਿਖਿਆ ਬਨ ਤੇ ਜੀਉ ਉਤਾਰਹੁ ॥'

(ਮਾਰੂ ਮਹਲਾ ੫)

ਸੁਤੇ ਸਹਿਜ ਹੀ ਚਲਦਿਆ, ਤੁਰਦਿਆਂ, ਫਿਰਦਿਆਂ, ਉਠਦਿਆਂ, ਬਹਿੰਦਿਆਂ, ਜਾਗਦਿਆਂ, ਸੁਤੇ ਹੋਏ ਭੀ ਜਾਗਦੇ ਹੋਏ ਭੀ ਹਿਰਦੇ ਅੰਦਰ ਜੋ ਗੁਰਮੰਤ੍ਰ ਦਾ ਚਿਤਾਰਨਾ ਹੈ, ਇਹ ਚਰਨ ਕੰਵਲਾਂ ਨੂੰ ਅੰਤਰਿ ਆਤਮੇ ਉਤਾਰਨਾ ਹੈ। ਹਿਰਦੇ ਅੰਦਰ ਉਤਰੇ ਹੋਏ ਰਸ ਜੋਤਿ ਪ੍ਰਤਿਬਿੰਬਤ ਚਰਨ ਕੰਵਲਾ ਦਾ ਸੁਮਤ ਸਬਦ ਅਭਿਆਸੀ ਜੋਤ ਵਿਗਾਸੀ ਧਿਆਨ ਧਰਨਾ ਅੰਤਰਿ ਆਤਮੇ ਅਮਿਉ ਰਸ ਗਟਾਕੀ ਧਿਆਨ, ਚਰਨ ਕਵਲਾਂ ਦਾ ਭਜਣਾ ਹੈ। ਸੋਈ ਨਾਮ ਦਾ ਰਸ-ਜੋਤਿ ਪ੍ਰਕਾਸ਼ੀਏ ਨਾਮ ਦਾ ਜਪਣਾ ਹੈ। ਸੋਈ ਬਿਧਾਨਾ ਖਿਨ ਖਿਨ ਜਪ ਅਭਿਆਸ ਵਿਚ



www.AKJ.Org

ਆਇਆ ਸਭਿ ਭਰਮਾਂ ਤੇ ਅਉਗਣਾਂ ਨੂੰ ਦੂਰ ਕਰ ਦਿੰਦਾ ਹੈ ਅਤੇ ਸੋਈ ਉਰ-ਅੰਤਿਰ ਧਾਰੇ ਚਰਨ ਕੰਵਲਾਂ ਦਾ ਅੰਤ੍ਰਿਰਗਤ ਸਿਮਰਨ, ਧਿਆਨੁ ਬਿਖਿਆ ਬਨ ਤੋਂ ਬੰਦ ਖਲਾਸ ਕਰਕੇ ਜੀਵ ਆਤਸਾ ਦਾ ਉਧਾਰ ਕਰਦਾ ਹੈ ਚਰਨ ਕਮਲਾਂ ਦਾ ਰਸਕ ਬੈਰਾਗੀ ਹੋਏ ਬਾਝੋਂ ਇਹ ਬਿਖਿਆ-ਬਨ, ਬਿਖਿਆ-ਬਨ ਪਰਤੀਤ ਹੀ ਨਹੀਂ ਹੁੰਦਾ। ਸਗੋਂ :—

"ਅੰਮ੍ਰਿਤ ਕਉਰਾ ਬਿਖਿਆ ਮੀਠੀ"

ਗੁਰਵਾਕ ਦੇ ਭਾਵ ਅਨੁਸਾਰ ਬਿਖਈ ਜੀਵਾਂ ਸਾਕਤ ਪੁਰਸ਼ਾਂ ਨੂੰ ਬਿਖਿਆ ਹੀ ਮਿਠੀ ਲਗਦੀ ਹੈ ਅਤੇ ਅੰਮ੍ਰਿਤ ਕੜਵਾ ਲਗਦਾ ਹੈ, ਜਿਉਂ ਕਿ :—

"ਜੋ ਹਲਾਹਲ ਸੋ ਪੀਵੈ ਬਉਰਾ ॥
ਅੰਮ੍ਰਿਤ ਨਾਮ ਜਾਣੈ ਕਰਿ ਕਉਰਾ ॥"

ਜੋ ਜਨ ਚਰਨ ਕੰਵਲਾਂ ਦੇ ਰਸਕ ਰਸਾਕ ਮਉਜੀ ਭਵਰ ਬਣ ਗਏ ਹਨ, ਉਹਨਾਂ ਨੂੰ ਇਸ ਰਸ ਮਉਜ ਤੋਂ ਬਿਹੂਣ ਹਰਕਛ ਸੁਝਦਾ ਹੀ ਨਹੀਂ, ਉਹਨਾਂ ਦੀ ਇਸ ਚਰਨ ਕੰਵਲ ਰਸਾਲੜੀ ਅਮੀ ਮਖਸੂਰ ਦਸ਼ਾ ਵਿਚੋਂ ਅਖ ਹੀ ਨਹੀਂ ਉਘੜਦੀ। ਅਜਿਹੇ ਰਸਕ ਰੀਸਾਲੂ ਚਰਨ ਕਵਲ ਰਿਦ ਧਿਆਨੀਆਂ ਤੋਂ ਵਾਹਿਗੁਰੂ ਇਕ ਛਿਨ ਭੀ ਦ੍ਰਿਸ਼ਟ ਅਗੋਚਰ ਨਹੀਂ ਹੁੰਦਾ। ਨਿਮਖ ਭਰ ਭੀ ਅਖੀਆਂ ਤੋਂ ਲਾਂਭੇ ਨਹੀਂ ਹੁੰਦਾ ਅਤੇ ਸਦਾ ਹੀ ਜੀਆਂ ਸੰਗਿ ਬਸਦਾ ਹੈ। ਉਹਨਾਂ ਦੀ ਏਹ ਬਵਸਥਾ ਹੋ ਜਾਂਦੀ ਹੈ। ਜੈਸਾ ਕਿ ਇਸ ਅਗਲੇ ਗੁਰਵਾਕ ਵਿਚ ਵਰਨਣ ਹੈ :—

ਬਿਸਰਤ ਨਾਹਿਨ ਮਨ ਤੇ ਹਰੀ ॥ ਅਬ ਇਹ ਪ੍ਰੀਤਿ
ਮਹਾ ਪਰਬਲ ਭਈ ਆਨ ਬਿਖੈ ਜਰੀ ॥ ੧ ॥ ਰਹਾਉ ॥
ਮੇਘ ਬੂੰਦ ਕਹਾ ਤਿਆਗਿ ਚਾਤ੍ਰਿਕ ਮੀਨ ਰਹਤ ਨ ਘਰੀ ॥
ਗੁਨ ਗੁਪਾਲ ਉਚਾਰ ਰਸਨਾ ਟੇਵ ਏਹ ਪਰੀ ॥ ੧ ॥
ਮਹਾ ਨਾਦ ਕੁਰੰਕ ਮੋਹਿਓ ਬੇਧਿ ਤੀਖਨ ਸਰੀ ॥ ਪ੍ਰਭ
ਚਰਨ ਕਮਲ ਰਸਾਲ ਨਾਨਕ ਗਾਠ ਬਾਧਿ ਧਰੀ ॥"

ਜਿਨ੍ਹਾਂ ਦੇ ਅੰਤਰ ਆਤਮੇ ਚਰਨ ਕੰਵਲਾਂ ਦੇ ਅੰਮ੍ਰਿਤ ਰਸ ਵਿਚ ਸੁਰਤੀ ਬਿਰਤੀ ਕਰਕੇ ਗੁੰਨੇ ਗਏ; ਬਸ ਓਹਨਾਂ ਤੋਂ ਅਸਲ ਅਰਥਾਂ ਵਿਚ ਇਕ ਖਿਨ ਮਾਤਰ ਭੀ ਵਾਹਿਗੁਰੂ ਨਹੀਂ ਵਿਸਰਦਾ। ਵਿਸਰੇ ਕਿਵੇਂ :—

" ਪ੍ਰਭ ਚਰਨ ਕਮਲ ਰਸਾਲ ਨਾਨਕ ਗਾਠ ਬਾਧਿ ਧਰੀ ॥ "

ਦੇ ਪਰਭਾਵ ਕਰਕੇ ਚਰਨ ਕੰਵਲਾਂ ਦੀ ਪ੍ਰੀਤਿ-ਵਾਹਿਗੁਰੂ ਦਰਸ਼ਨ ਦੀ ਪ੍ਰੀਤ-ਮਹਾਂ ਪਰਬਲ ਪਈ ਹੋਈ



www.AKJ.Org

ਹੁੰਦੀ ਹੈ। ਇਸ ਮਹਾਂ ਪਰਬਲ ਪ੍ਰੀਤਿ ਦੇ ਬਿਸਮ ਰਸ, ਅਮਿਉ ਸੁਆਦ, ਅਹਿਲਾਦ ਵਿਚ ਪਾਗ ਕੇ ਹੀ ਅਭਿਆਸੀ ਜਨ ਦੀ ਬਿਰਤੀ ਅਜੇਹੀ ਅਡੋਲ ਹੋ ਜਾਂਦੀ ਹੈ ਕਿ ਉਸ ਦੇ ਹੋਰ ਬਿਖ ਰਸ ਸਭ ਜਲ ਕੇ ਦਗਧ ਹੋ ਜਾਂਦੇ ਹਨ। ਜਿਸ ਤਰ੍ਹਾਂ ਚਤ੍ਰਿਕ ਮੇਘੋਂ ਉਪਜੀ ਬਰਸੀ ਸੁਆਂਤ ਬੂੰਦ ਬਿਨਾਂ ਜਿਉਂਦਾ ਨਹੀਂ ਰਹਿ ਸਕਦਾ, ਜਿਵੇਂ ਮਛਲੀ ਜਲ ਬਿਹੂਨ ਇਕ ਘੜੀ ਭੀ ਜੀਉਂਦੀ ਨਹੀਂ ਰਹਿ ਸਕਦੀ, ਜਿਵੇਂ ਹਿਰਨ ਨਾਦ ਸੁਣਕੇ ਐਉ ਮੋਹਿਆ ਜਾਂਦਾ ਹੈ ਕਿ ਜਿਵੇਂ ਉਹ ਤਿਖੇ ਤੀਰਾਂ ਨਾਲ ਬਿੰਨ੍ਹਿਆ ਹੋਇਆ ਹੁੰਦਾ ਹੈ। ਏਵੇਂ ਚਰਨ ਕਵਲ ਰਸਾਲ ਦੇ ਅਤੀ ਮਿਠੇ ਅੰਮ੍ਰਿਤ ਰਸ ਨਾਲ ਕੰਵਲ ਬਧਾਰੀਆਂ ਦਾ ਹਿਰਦਾ ਗੁੰਨ੍ਹਿਆ ਜਾਂਦਾ ਹੈ ਅਤੇ ਪੀਡੀ ਰਸ ਬੱਝਵੀਂ, ਗੰਢ ਨਾਲ ਬੰਨ੍ਹਿਆਂ ਜਾਂਦਾ ਹੈ ਅਤੇ ਚੰਦ ਚਕੋਰ ਗਤ ਵਤ ਅਹੀਨਿਸ ਚਰਨ ਕਵਲਾਰੀ ਮਉਜ ਦਾ ਹੀ ਧਿਆਨ ਰਹਿੰਦਾ ਹੈ। ਇਸ ਆਤਮ ਅਰੂੜ, ਅਵਸਥਾ ਵਿਖੇ ਉਹ ਇਉਂ ਕਹਿ ਕਹਿ ਅਨੰਦਤ ਹੁੰਦਾ ਹੈ :—

"ਪੇਖਿ ਪੇਖਿ ਜੀਵਾ ਦਰਸੁ ਤੁਮਾਰਾ ॥
ਚਰਣ ਕਮਲ ਜਾਈਂ ਬਲਿਹਾਰਾ ॥"

ਜਿਉਂ ਜਿਉਂ ਉਹ ਦਰਸ਼ਨ ਸਉਜ ਦੀ ਮਉਜ ਵਿਚ ਮਗਨ ਹੁੰਦਾ ਹੈ, ਤਿਉਂ ਤਿਉਂ ਉਹ ਚਰਨ ਕਵਲਾਂ ਤੋਂ ਹੋਰ ਤੋਂ ਹੋਰ; ਵਧ ਤੋਂ ਵਧ, ਵਾਰਨੇ, ਬਲਿਹਾਰਨੇ ਜਾਂਦਾ ਹੈ। ਉਸ ਨੂੰ ਚਰਨ ਕੰਵਲਾਂ ਦੀ ਮਉਜ ਮਾਨਣ ਦਾ ਰਸ ਐਸਾ ਆਉਂਦਾ ਹੈ ਕਿ ਉਸ ਦੇ ਮੁਖੋਂ ਇਸ ਬਿਧ ਦੀਆਂ ਜੋਦੜੀਆਂ ਸੁਤੇ ਸੁਭਾਵ ਹੀ ਨਿਕਲਦੀਆਂ ਹਨ :—

" ਨਿਮਖ ਨ ਬਿਸਰਹਿ ਹਰਿ ਚਰਣ ਤੁਮਾਰੇ ॥
ਨਾਨਕੁ ਮਾਗੈ ਦਾਨੁ ਪਿਆਰੇ ॥ "

ਸੂਹੀ ਮਹਲਾ ੫ )

ਏਹ ਦਾਨ ਦਾਤਾਰ ਗੁਰੂ ਨਾਨਕ ਸਾਹਿਬ ਦੇ ਘਰ ਦੇ ਮੰਗਤ ਜਨਾਂ ਦੀ ਅਤ ਉਚ ਉਚੇਰੀ ਜਾਚਨਾ ਹੈ ਕਿ ਹੇ ਵਾਹਿਗੁਰੂ ! ਤੇਰੇ ਅਤ ਰਸ ਮਿਠੇ ਮਿਠੋਲੜੇ ਚਰਨ ਕੰਵਲ ਕਦੇ ਵੀ ਨਾ ਵਿਸਰਨ। ਸਦਾ ਹੀ ਆਦਿ ਅੰਤ ਚਰਨ ਕੰਵਲਾਂ ਦੀ ਮਉਜ ਹੀ ਬਣੀ ਰਹੇ। ਉਹਨਾਂ ਦਾ ਮਨ ਇਸ ਬਿਧਿ ਚਰਨ ਸਰਨ ਰਹਿਕੇ ਹੀ ਸਨਾਥ, ਸਫਲਾ ਅਤੇ ਭਾਗ ਸੁਲੱਖਣਾਂ ਹੁੰਦਾ ਹੈ। ਚਰਨ ਕਵਲਾਂ ਦੀ ਆਤਮ ਮਉਜ ਦੇ ਰੰਗਾਂ ਵਿਚ ਰੰਗੀਜ ਕੇ ਉਹ ਲਾਲ ਰਤੇ ਲਾਲੋ ਲਾਲ ਹੋਇ ਰਹਿੰਦੇ ਹਨ, ਜੈਸਾ ਕਿ ਇਸ ਗੁਰ ਪੰਗਤੀ ਦਾ ਭਾਵ ਹੈ :—

'ਚਰਣ ਸਰਣ ਸਨਾਥ ਇਹ ਮਨੁ ਰੰਗਿ ਰਾਤੇ ਲਾਲ ॥'

ਇਸ ਬਿਧਿ ਪਰਮਾਤਮਾਂ ਦੇ ਰੰਗਾਂ ਵਿਚ ਲਾਲੋ ਲਾਲ ਹੋ ਕੇ ਉਹ ਚਰਨ ਕੰਵਲਾਂ ਨੂੰ ਹਰ ਦਮ ਹਿਰਦੇ ਅੰਦਰ ਵਸਾਈ ਰਖਦੇ ਹਨ। ਕਿਉਂ ਨਾ ਵਸਾਉਣ ? ਚਰਨ ਕੰਵਲਾਂ ਦਾ ਇਸ ਬਿਧ ਹੀਅਰੇ ਅੰਦਰਿ ਹਰ ਦਮ ਵਸਾਈ ਰਖਣਾ, ਉਹਨਾਂ ਦੇ ਜੀਐ ਦਾ ਆਧਾਰ ਹੋ ਜਾਂਦਾ ਹੈ। ਯਥਾ ਗੁਰਵਾਕ :—



www.AKJ.Org

"ਚਰਨ ਕਮਲ ਬਸਾਇ ਹਿਰਦੇ ਜੀਅ ਕੋ ਆਧਾਰੁ ॥'

( ਆਸਾ ਮਹਲਾ ੫ )

ਇਸ ਆਤਮ ਅਵਸਥਾ ਵਿਚ ਉਹਨਾਂ ਦਾ ਸਿਮਰਨ ਜੀਵਨ ਰੂਪ ਹੋ ਜਾਂਦਾ ਹੈ। ਨਾਮ ਦਾ ਸਿਮਰਨ ਤੇ ਚਰਨ ਕੰਵਲਾਂ ਦਾ ਸਿਮਰਨ ਸਮਸਰ ਰੰਗਾਂ ਵਾਲਾ ਸਿਮਰਨ ਹੋ ਜਾਂਦਾ ਹੈ। ਨਾਮ ਦਾ ਸਿਮਰਨ ਹੀ ਚਰਨ ਕੰਵਲਾਂ ਦਾ ਸਿਮਰਨ ਹੈ ਅਤੇ ਚਰਨ ਕੰਵਲਾਂ ਦਾ ਸਿਮਰਨ ਨਾਮ ਦਾ ਸਿਮਰਣ, ਇਕੋ ਹੀ ਅਕਥਨੀ ਗਲ ਬਣ ਜਾਂਦੀ ਹੈ। ਸੁਆਸਾਂ ਦੇ ਅਰਧ ਉਰਧੀ ਅਤੇ ਉਰਧ ਅਰਧੀ ( ਹੇਠਾਂ ਉਤਰਾਂ ਤੇ ਉਤਾਹਾਂ ਹੇਠਾਂ ਦੇ ) ਖੜਗ ਖੜਗੇਸਵੇਂ ਅਭਿਆਸ ਨਾਲ 'ਹਰਿ ਕਾ ਬਿਲੋਵਨਾ' ਬਿਲੋਇਕੇ ਜਦੋਂ ਅਭਿਆਸ਼ੀ ਜਨ ਸਿਮਰਨ ਰਸ ਜੀਅਰਨੀ ਜੀਉਣੀ ਜੀਂਦੇ ਹਨ ਤਦੋਂ ਉਹ ਵਾਸਤਵ ਵਿਚ ਵਾਹਿਗੁਰੂ ਦੇ ਚਰਨ ਕੰਵਲਾਂ ਨੂੰ ਧੋਇ ਧੋਇ ਪੀਂਦੇ ਹਨ।

'ਸਿਮਰਿ ਸਿਮਰਿ ਤਾਕਉ ਹਉ ਜੀਵਾ ॥
ਚਰਣ ਕਮਲ ਤੇਰੇ ਧੋਇ ਧੋਇ ਪੀਵਾ ॥'

ਗੁਰਵਾਕ ਦਾ ਏਹ ਅਕਸ ਮਾਤ ਹੀ ਅਨਵਾਦ ਹੈ। ਉਸ ਦੀ ਤਤ ਅਵਸਥਾ ਦਾ ਵਰਨਣ ਅਤੀ ਕਠਿਨ ਹੈ। ਅੰਮ੍ਰਿਤ ਨਾਮ ਦੇ ਅਭਿਆਸ ਨਾਲ ਖਿਚਿਆ ਹੋਇਆ ਜੋ ਸੁਆਸ ਘਟਨਾਭ ਅੰਦਰਿ ਰਹਾਂਵਦਾ ਹੈ ਸੋ ਅੰਮ੍ਰਿਤ ਰਸ ਦੀ ਜੋਤਿ ਕ੍ਰ ਤੀ ਪਿਚਕਾਰੀ ਬਣ ਕੇ ਅੰਦਰੋਂ ਹੀ ਰਸ ਵਿਗਾਸੀ ਹੋਇ ਕੇ ਲਹਿਰਾਵੰਦਾ ਹੈ ਅਤੇ ਫੇਰ ਘਟਿਨਾਭ ਅੰਦਰੋਂ ਲਿਵ ਸੁਰਤ ਰਹਾਇਆ ਰਸ ਪਵਨ ਝਕੋਲੜਾ ਸੁਆਸ ਅਮਿਉ ਜੋਤਿ ਰਤੰਨੜਾ ਅਤੇ ਭਰਿਆ ਭਕੁੰਨੜਾ ਉਰਧਗਾਮੀ ਹੋ ਕੇ ਜਦੋਂ ਉਪਰ ਨੂੰ ਖਿਚੀਂਦਾ ਹੈ, ਤਦੋਂ ਰਸਨ ਰਸੰਨੜਾ ਹੋਕੇ ਵਿਗਸਦਾ ਹੈ। ਅਭਿਆਸੀ ਜਨ ਏਹ ਲਿਵਤਾਰ ਰਸ ਸਿਮਰਨ ਅਭਿਆਸ ਬਿਲੋਵਨਾ ਵਾਹਿਗੁਰੂ ਦੇ ਚਰਨ ਕਵਲਾਂ ਨੂੰ ਅੰਤਰ ਆਤਮੇ ਧੋਇ ਧੋਇ ਰਸੀਵੰਦੇ ਹਨ। ਨਾਮ ਅਭਿਆਸ ਦਾ ਹਰੇਕ ਰਸ ਪਉਨ ਖਿਚਵਾਂ ਅਰਧ ਉਰਧੀ ਸੁਆਸ ਅਤੇ ਰਸ ਰਸਨ ਬਿਲੋਵਨ ਬਿਲੋਇਨੀ ਅਭਿਆਸ ਪਵਨ ਦਾ ਫੁਰਾਟ ਰਿਦੰਤਰਿ ਵਸੇ ਵਾਹਿਗੁਰੂ ਚਰਨਾਂ ਨੂੰ ਧੋਇ ਧੋਇ ਪੀਆਵਨਹਾਰਾ ਹੈ। ਇਵਹੇ ਪਵਨ ਅਭਿਆਸ ਦਾ ਪੱਖਾ ਝੱਲ ਕੇ ਅਭਿਆਸੀ ਜਨ ਅੰਤਰ ਵਸੇ, ਰਸ ਰਸੇ ਪਿਰੀ ਪ੍ਰੀਤਮ ਦੇ ਪੈਰਾਂ ( ਚਰਨ-ਕੰਵਲਾਂ ) ਦਾ ਝਲਣਾ ਕਰਦੇ ਹਨ :—

"ਲੈ ਪਖਾ ਪ੍ਰਿਆ ਝਲਉ ਪਾਇ"

ਗੁਰ ਪੰਗਤੀ ਦਾ ਏਹ ਗੋਝ ਆਤਮ ਰਮਜ਼ ਰਮਜ਼ਾਇਨ ਵਿਆਖਿਆ ਦਾ ਪੇਖਿ-ਵਰਤਿਆਂਪ੍ਰਮਾਰਥ ਹੈ। ਸੋ ਨਾਮ ਅੰਮ੍ਰਿਤ ਰਸ ਰਸੀਏ ਅਭਿਆਸੀ ਜਨ ਜਦੋਂ ਸੁਆਸ ਅਭਿਆਸ ਦਾ ਰਿੜਕਣਾ ਰਿੜਕਦੇ ਹਨ, ਓਦੋਂ ਨਾਲੇ ਤਾਂ ਉਹ ਵਾਹਿਗੁਰੂ ਦੇ ਚਰਨ ਕਵਲਾਂ ਨੂੰ ਧੋਇ ਧੋਇ ਪੀਂਵੰਦੇ ਹਨ ਅਤੇ ਨਾਲੇ ਵਾਹਿਗੁਰੂ ਦੇ ਚਰਨਾਂ ਨੂੰ ਪੱਖਾ ਕਰ ਕਰ ( ਬੀਜਨ ਢੋਲਾਇ ਢੋਲਾਇ ) ਵਿਗਸੀਂਵਦੇ ਹਨ। ਇਹ ਨਾ ਕੇਵਲ ਸਿਮਰਨ ਹੈ ਸਗੋਂ ਚਰਨ



www.AKJ.Org

ਕੰਵਲਾਂ ਦਾ ਸੇਵਨ ਭੀ ਹੈ । ਏਹ ਕੇਵਲ ਸਿਮਰਨ ਰਸ ਪੀਵਨ ਹੀ ਨਹੀਂ ਬਲਕਿ ਚਰਨ ਕੰਵਲ ਲਿਵ ਖੀਵਨ ਹੈ । ਇਉਂ ਇਸ ਅਚਰਜ ਗੁਰਮਤਿ ਨਾਮ ਦੀ ਅਚਰਜ ਸਿਮਰਨ ਰੀਤਿ ਲਿਵ ਸਿਮਰਨ ਹਾਰੇ ਦੀ ਚਰਨ ਕੰਵਲ ਸੰਗਿ ਡੋਰੀ ਵਾਲੀ ਚਰਨ ਕੰਵਲਾਰੀ ਅਨੂਠੀ ਪ੍ਰੀਤਿ ਉਪਜਾਉਂਦੀ ਹੈ ਅਤੇ ਪ੍ਰੀਤਮ ਦਾ ਮਿਲਾਪ ਸੁਰੱਚਨੀ ਅੰਚਲਾ ਗਹਾਉਂਦੀ ਹੈ ।

## ੩. ਚਰਨ ਕਮਲਾਂ ਦਾ ਜਾਪ ਅਤੇ ਨਾਮ ਦੇ ਜਾਪ ਦੀ ਸਦਰਸਤਾ

"ਚਰਣ ਕਮਲ ਜਪਿ ਸਾਗਰੁ ਤਰਿਆ ਭਵਜਲ ਉਤਰਸ ਪਾਰਾ ॥ ਨਾਨਕ ਸਰਣਿ ਪੂਰਨ ਪਰਮੇਸੁਰ ਤੇਰਾ ਅੰਤੁ ਨਾ ਪਾਰਾਵਾਰਾ ।" (੨ ॥ ੧ ॥ ੧੭ ॥ ਸੂਹੀ ਮਹਲਾ ੫)

"ਚਰਣ ਕਮਲ, ਹਿਰਦੈ ਮਹਿ ਜਾਪ ॥ ਨਾਨਕ ਪੇਖਿ ਜੀਵੈ ਪਰਤਾਪ ॥" (ਗਉੜੀ ਮਹਲਾ ੫)

"ਮਨ ਮੇਰੇ ਰਾਮ ਨਾਮੁ ਜਪਿ ਜਾਪੁ ॥ ਮਨ ਇਛੇ ਫਲ ਭੁੰਚਿ ਤੂੰ ਸਭੁ ਚੂਕੈ ਸੋਗੁ ਸੰਤਾਪੁ ॥" (ਸਿਰੀ ਰਾਗ ਮਹਲਾ ੫)

"ਮਨੁ ਤਨੁ ਨਿਰਮਲੁ ਹੋਇਆ ਲਾਗੀ ਸਾਚੁ ਪਰੀਤਿ ॥ ਚਰਣ ਭਜੇ ਪਾਰਬ੍ਰਹਮ ਕੇ ਸਭਿ ਜਪ ਤਪ ਤਿਨ ਹੀ ਕੀਤ । ਸ੍ਰੀ ਰਾਗ ਮ: ੫॥ ਚਰਣ ਕਮਲ ਜਨ ਕਾ ਆਧਾਰੋ ॥ ਆਠ ਪਹਰ ਰਾਮ ਨਾਮੁ ਵਾਪਾਰੋ ॥" (ਮਾਝਮ ਹਲਾ ੫)

"ਚਰਣ ਕਮਲ ਠਾਕੁਰ ਉਰਿਧਾਰਿ ॥ ਦੁਲਭ ਦੇਹ ਨਾਨਕ ਨਿਸਤਾਰਿ ॥" (ਗਉੜੀ ਮਹਲਾ ੫)

"ਹਰਿ ਸਿਮਰਤ ਸਭ ਮਿਟਹਿ ਕਲੇਸ ॥ ਚਰਣ ਕਮਲ ਮਨ ਮਹਿ ਪਰਵੇਸ ॥ ਉਚਰਹੁ ਰਾਮ ਨਾਮੁ ਲਖ ਬਾਰੀ ॥ ਅੰਮ੍ਰਿਤ ਰਸ ਪੀਵਹੁ ਪ੍ਰਭ ਪਿਆਰੀ ॥ ੧ ॥ ਰਹਾਉ ॥ ਸੁਖ ਸਹਜ ਰਸ ਮਹਾ ਅਨੰਦਾ ॥ ਜਪਿ ਜਪਿ ਜੀਵੇ ਪਰਮਾਨੰਦਾ ॥" (ਗਉੜੀ ਮਹਲਾ ੫)

"ਚਰਨ ਕਮਲ ਅਰਾਧਿ ਭਗਵੰਤਾ ॥" ਹਰਿ ਸਿਮਰਤ ਮਿਟੀ ਮੇਰੀ ਚਿੰਤਾ ॥" (ਗਉੜੀ ਮਹਲਾ ੫)

"ਚਰਨ ਕਮਲ ਸਿਉ ਲਾਗੀ ਪ੍ਰੀਤ ॥ ਆਨ ਸੁਖਾ ਨਹੀਂ ਆਵਹਿ ਚੀਤਿ ॥ ਸਦਾ ਸਦਾ ਸਿਮਰਹੁ ਪ੍ਰਭ ਸੁਆਮੀ । ਮਿਲੁ ਨਾਨਕ ਹਰਿ ਅੰਤਰਜਾਮੀ ॥" (ਗਊੜੀ ਮਹਲਾ ੫)

"ਸਿਮਰਿ ਸੁਆਮੀ ਕਿਲ ਵਿਖ ਨਾਸੇ ॥ ਸੂਖ ਸਹਜ ਆਨਦ ਨਿਵਾਸੇ ॥ ੧ ॥ ਰਾਮ ਜਨਾ ਕਉ ਰਾਮ ਭਰੋਸਾ ॥ ਨਾਮੁ ਜਪਤ ਸਭੁ ਮਿਟਿਓ ਅੰਦੇਸਾ ॥ ... ... ...
ਕਰਿ ਕਿਰਪਾ ਪ੍ਰੰਭ ਬੰਧਨ ਛੋਟ ॥ ਚਰਨ ਕਮਲ ਕੀ ਦੀਨੀ ਓਟ ॥" (ਗਉੜੀ ਮਹਲਾ ੫)

"ਨਾਮ ਰਸਾਇਣ ਜੋ ਜਨ ਗੀਧੇ ॥ ਚਰਨ ਕਮਲ ਪ੍ਰੇਮ ਭਗਤੀ ਬੀਧੇ ॥ ੧ ॥ ਰਹਾਉ ॥ ਆਨ ਰਸਾ ਦੀਸਹਿ ਸਭਿ ਛਾਰੁ ॥ ਨਾਮ ਬਿਨਾ ਨਿਹਫਲ ਸੰਸਾਰ ॥"

(ਗਉੜੀ ਮਹਲਾ ੫)



www.AKJ.Org

ਇਸ ਪ੍ਰਕਾਰ ਦੇ ਅਨੇਕਾਂ ਗੁਰਵਾਕ ਹਨ ਜੋ ਨਾਮ ਸਿਮਰਨ ਅਤੇ ਚਰਨ ਕੰਵਲ ਪਰਸਣ ਦੇ ਭਾਵ ਨੂੰ ਸਮਸਰ ਭੇਵ ਅਭੇਵ ਜਣਾਉਂਦੇ ਹਨ । ਸਿਮਰਨ ਦੀ ਅਥਾਹ ਕਮਾਈਂ ਦੁਆਰਾ ਜੋਤਿ ਪਰਜੁਅਲਤ ਹੋਇਆ ਨਾਮੁ ਭਗਤਿ-ਰਹਸ ਸੁਆਓ ਸੇਤੀ ਸੁਆਸਿ ਸੁਆਸਿ ਅਰਾਧਿਆ ਪਾਰਸ ਚਰਨ ਕੰਵਲਾਂ ਦੇ ਆਰਾਧਨ ਰੂਪੀ ਪਾਰਸ ਪਰਸਾਉ ਦਾ ਅਰਥ ਰਖਦਾ ਹੈ ਅਤੇ ਇਸ ਬਿਧਿ ਨਾਮ ਰਸਾਇਣੀ ਜੋਤਿ ਕਲਾ ਦੁਆਰਾ ਰਤੰਨ-ਜੋਤੰਨੇ ਚਰਨ ਕੰਵਲਾਂ ਦਾ ਮਨ ਤਨ ਅੰਦਰ ਵਸਣਾ ਅੰਤਰ ਗਤੀ ਦਰਸ਼ਨਾਂ ਦੀ ਨਦਰ ਨਾਲ ਨਿਹਾਲ ਕਰ ਦਿੰਦਾ ਹੈ । ਯਥਾ ਗੁਰਵਾਕ :—

'ਚਰਨ ਕਮਲ ਮਨਿ ਤਨਿ ਬਸੇ ਦਰਸਨੁ ਦੇਖਿ ਨਿਹਾਲ ॥'

(ਗਉੜੀ ਥਿਤ)

ਭਾਵ ਪ੍ਰੀਤਮ ਵਾਹਿਗੁਰੂ ਦੇ ਚਰਨ ਕੰਵਲਾਂ ਦਾ ਮਨ ਤਨ ਅੰਦਰ ਵੁਠਣਾ ਚਰਨ ਕੰਵਲਾਂ ਵਾਲੇ ਪ੍ਰੀਤਮ ਦਾ ਨਿਕਟ ਵਰਤੀ ਦਰਸ਼ਨ ਝਲਕਾਉ ਹੈ । ਪ੍ਰਿਥਮ ਤੋਂ ਪ੍ਰਿਥਮ ਰਿਦੰਤਰ ਪ੍ਰਕਾਸ਼ ਹੋਈ ਜੋਤਿ ਕ੍ਰਿਣ ਦਾ ਪ੍ਰਕਾਸ਼ ਚਰਨ ਕੰਵਲਾਂ ਦਾ ਪਰਤਖ ਦਰਸ਼ਨ ਹੈ ਏਥੇ ਪਾਰਸ ਰੂਪੀ ਨਾਮ ਦਾ ਸਿਮਰਨ ਹੋਰ ਵਧੇਰੇ ਰਸ ਜੋਤਿ ਕਲਾ ਵਿਚ ਸੁਆਸ ਸੁਆਸੀ ਵਿਲੋਵੀਦਾ ਹੈ । ਜਿਉਂ ਜਿਉਂ ਵਿਲੋਵੀਦਾ ਹੈ ਤਿਉਂ ਤਿਉਂ ਅੰਤਰਿ ਭੇਦਿ ਜੋਤਿ-ਕਿਰਨ ਦਾ ਜ਼ੋਤਿ ਪਸਾਰਾ ਭੀ ਹੋਰ ਹੋਰ ਵਧਦਾ ਜਾਂਦਾ ਹੈ । ਘਟ ਅੰਤਰ ਸਾਰ ਸਰੀਰ ਅੰਦਰ ਜੋਤਿ ਚਾਨਣਾ ਹੀ ਚਾਨਣਾ ਪਸਰ ਜਾਂਦਾ ਹੈ, ਫੇਰ ਏਹ ਜੋਤਿ ਪਸਾਰਾ ਪਿੰਡੇ (ਸਰੀਰ) ਤੋਂ ਵੀ ਅਗਾਹਾਂ ਸਫੁਟ ਹੋਇ ਹੋਇ ਬ੍ਰਹਮੰਡ ਵਿਖੇ ਪਸਰ ਜਾਂਦਾ ਹੈ । ਘਟਿ ਨਾਭ ਵਿਚੋਂ ਵਿਸਥਾਰਤ ਹੋ ਕੇ ਆਕਾਸ਼ੀ ਨਭ-ਪੁਲਾੜ ਵਿਚ ਭੀ ਜਾ ਸਮਾਉਂਦਾ ਹੈ ਏਥੇ ਏਸ ਜ਼ੋਤਿ ਕਲਾ ਵਿਚ ਖ਼ੇਡ ਕੇ ਜਗਿਆਸੂ ਜਨ ਜੋੜਿ ਅਭਿਆਸੂ ਗੁਰਮੁਖਿ ਪਿਆਰਾ ਪ੍ਰੀਤਮ ਦੇ ਜੋਤਿ ਜਗਮਗੀ ਦਰਸ਼ਨ ਸਾਂਗੋ ਪਾਂਗ ਪੇਖਦਾ ਹੈ, ਪੇਖਿ ਪੇਖਿ ਵਿਗਸਦਾ ਹੈ ਅਤੇ ਨਿਹਾਲੋ ਨਿਹਾਲ ਹੋ ਹੋ ਜਾਂਦਾ ਹੈ ਅਤੇ ਜੋਤਿ ਜਗੰਨੇ ਸੁਅਰਨੀ ਰੂਪ ਰੰਗ ਦੀ ਵਨੀ ਚੜ੍ਹੇ ਚੜਾਉ ਹੋਣ ਕਰਿ ਲਾਲੋ ਲਾਲ ਜੋਤਿ ਜਮਾਲ ਅਤੇ ਤੇਜ ਜਲਾਲ ਜਲਵਨਾ ਹੋ ਜਾਂਦਾ ਹੈ ਤਾਂ ਹੀ ਤਾਂ ਨਾਮ ਜਪੰਦੜੀ ਲਾਲੀ' ਵਾਲੇ ਜੋਤਿ ਜਲਵਨੇ ਚੇਹਰਿਆਂ ਦੀ ਝਾਲ ਨਹੀ ਝਲੀ ਜਾਂਦੀ ।

ਚਰਨ ਕੰਵਲਾਂ ਦੇ ਜਮਾਲ ਤੇ ਜਲਾਲ ਨੂੰ ਪੇਖਿ ਪੇਖਿ, ਭਗਤ ਜਨ ਜੁਹਰ ਝੁਕ ਝੁਕ ਨਮਸਕਾਰ ਬੰਦਨਾਂ ਕਰਦੇ ਹਨ ਤੇ ਬੰਦਨਾਂ ਕਰ ਕਰ ਚਰਨ ਕਵਲਾਂ ਦਾ ਸਿਮਰਨ ਕਰੀ ਜਾਂਦੇ ਹਨ । ਭਗਤ ਜਨਾਂ ਦਾ ਏਹ ਚਰਨ ਕੰਵਲ ਲਿਵਤਾਰੀ ਸਿਮਰਨ ਦਰਸ਼ਨ ਬਹਾਰੀ ਭਗਤੀ ਭਾਉ ਵਿਚ, ਸਚ ਖੰਡ ਸਮੁਹੇ ਕਰਮ ਖ਼ੰਡ (ਨਕਦ ਖ਼ੰਡ) ਨਿਰੰਕਾਰਤਾ ਵਿਚ ਭੀ ਬਣਿਆ ਰਹਿੰਦਾ ਹੈ, ਜਿਥੇ ਅਨੇਕਾਂ ਭਗਤ ਜਨ ਨਿਤ ਪ੍ਰਤਿ ਪ੍ਰੀਤਮ ਦੇ ਚਰਨ ਕੰਵਲਾਂ ਨੂੰ ਬੰਦਨਾਂ ਕਰਦੇ ਹੀ ਦਿਸਦੇ ਹਨ । ਜਿਹਾ ਕਿ :—



www.AKJ.Org

"ਅਨਿਕ ਭਗਤ ਬੰਧਨ ਨਿਤ ਕਰਹਿ ॥
ਚਰਨ ਕਮਲ ਹਿਰਦੈ ਸਿਮਰਹਿ ॥"

( ਸੁਖਮਨੀ ਸਾਹਿਬ )

"ਤਿਥੈ ਭਗਤ ਵਸਹਿ ਕੇ ਲੋਇ ॥ ਕਰਹਿ ਅਨੰਦ ਸਚਾ ਮਨਿ ਸੋਇ ॥"

( ਜਪੁਜੀ ਸਾਹਿਬ )

ਐਥੇ ਬਿਸ ਲੋਕ ਵਿਚ ਭੀ ਭਗਤ ਜਨ ਆਪਣੀ ਸਿਮਰਨ ਭਗਤਿ ਕਮਾਈ ਦੁਆਰਾ ਕਰਮ ਖ਼ੰਡ ਸਚ ਖੰਡ ਸਾਰਖਾ ਹੀ ਚਰਨ ਕੰਵਲਾਂ ਦੀ ਮਿਉਜ ਦਾ ਆਨੰਦ ਮਾਣਦੇ ਹਨ। ਯਥਾ :—

ਗਉੜੀ ਮਹਲਾ ੫ ॥

ਸਿਮਰਿ ਸਿਮਰਿ ਸੁਖ ਪਾਇਆ ॥ ਚਰਨ ਕਮਲ
ਗੁਰ ਰਿਦੈ ਬਸਾਇਆ ॥ ੧ ॥ ਗੁਰੂ ਗੋਬਿੰਦ
ਪਾਰਬ੍ਰਹਮ ਪੂਰਾ ॥ ਤਿਸਹਿ ਅਰਾਧਿ ਮੇਰਾ ਮਨ
ਧੀਰਾ ॥ ੧ ॥ ਰਹਾਉ ॥ ਅਨ ਦਿਨੁ ਜਪਉ ਗੁਰੂ ਗੁਰ
ਨਾਮੁ ॥ ਤਾਤੇ ਸਿਧਿ ਭਏ ਸਗਲ ਕਾਮ ॥ ੨ ॥
ਦਰਸਨ ਦੇਖਿ ਸੀਤਲ ਮਨ ਭਏ ॥ ਜਨਮ ਜਨਮ ਕੇ
ਕਿਲਬਿਖ ਗਏ ॥ ੩ ॥ ਕਹੁ ਨਾਨਕ ਕਹਾ ਭੈ ਭਾਈ ॥
ਅਪਨੇ ਸੇਵਕ ਕੀ ਆਪ ਪੈਜ ਰਖਾਈ ॥ ੩ ॥ ੧੧੨ ॥

ਨਾਮ ਨੂੰ ਸਿਮਰਨਹਾਰਾ ਭਗਤ ਜਨ ਸਿਮਰ ਸਿਮਰ ਕੇ ਜਿਸ ਆਤਮ ਸੁਖ ਨੂੰ ਪ੍ਰਾਪਤ ਹੁੰਦਾ ਹੈ ਉਹ ਵਿਸ਼ੇਸ਼ ਆਤਮ ਸੁਖੁ, ਗੁਰੂ ਵਾਹਿਗੁਰੂ ਦੇ ਚਰਨ ਕੰਵਲਾਂ ਦਾ ਰਿਦ ਭੀਤਰ ਸਮਾਵਨਾ ਹੈ। ਗੁਰਮਤਿ ਵਿਸ਼ੇਸ਼ ਸਿਮਰਨ ਸੁਰਤ ਦੁਆਰਾ ਰਿਦ ਸਮਾਏ ਜੋਤਿ ਕਰਣੀ ਚਰਨ ਕੰਵਲਾਂ ਦਾ ਇਨਕਸ਼ਾਫ, -ਗੁਰ ਪਾਰਬ੍ਰਹਮ ਪੂਰੇ ਨੂੰ ਸਾਖਯਾਤਕਾਰ ਕਰਾਉਣ ਨੂੰ ਸਮਰਥ ਹੈ। ਤਾਂ ਤੇ ਅਰਾਧਨ ਹਾਰੇ ਦਾ ਮਨ ਚਰਨ ਕੰਵਲਾਂ ਨੂੰ ਅਧਾਰ ਕੇ ਧੀਰ ਜਾਂਦਾ ਹੈ, ਧੀਰਜਮਾਨ ਹੋ ਜਾਂਦਾ ਹੈ) । ਉਸ ਨੂੰ ਧੀਰਜ ਆ ਜਾਂਦੀ ਹੈ, ਕਿ ਚਰਨ ਕੰਵਲਾਂ ਵਾਲੇ ਪ੍ਰੀਤਮ ਦੇ ਪਰਤਖ ਦਰਸ਼ਨ



www.AKJ.Org

ਦਿਦਾਰੇ ਭੀ ਨਿਕਟ ਹੀ ਹੋਣ ਵਾਲੇ ਹਨ। ਸੋ ਇਸ ਬਿਧ ਦ੍ਰਿੜ ਨਿਸਚਿਤ ਸਰਧਾਵਾਨ ਹੋ ਕੇ ਉਹ ਗੁਰੂ ਗੁਰੂ ਰੂਪੀ ਜਾਪ ਜਪਣ ਵਿਚ ਹੋਰ ਵੀ ਝਤ ਪਰ ਹੋ ਜਾਂਦਾ ਹੈ ਅਤੇ ਦਿਨ ਰਾਤ ਏਸ ਗੁਰੂ ਗੁਰੂ ਦੀ ਟੇਰ ਵਾਲੇ ਵਾਹਿਗੁਰ ਨਾਮ ਨੂੰ ਜਪੀ ਜਾਂਦਾ ਹੈ। ਜਿਸ ਦੇ ਜਪੀਜਾਣ ਕਰਕੇ ਉਸ ਜਪਣ ਹਾਰੇ ਦੇ ਸਾਰੇ ਮਨੋਰਥ ਭੀ ਸੁਤੇ ਸਿਧ ਪੂਰੇ ਹੋ ਜਾਂਦੇ ਹਨ। ਪ੍ਰਮ ਮਨੋਰਥ ਤਾਂ ਨਾਮ ਜਪਣ ਹਾਰੇ ਦਾ ਗੁਰੂ ਪ੍ਰੀਤਮ ਦੀ ਪ੍ਰਾਪਤੀ ਰੂਪ ਸਿਧੀ ਦਾ ਹੁੰਦਾ ਹੈ। ਪਰ ਇਹ ਪ੍ਰਮ ਪ੍ਰਯੋਜਨੀ ਸਿਮਰਨ ਦੇ ਪ੍ਰਤਾਪ ਕਰਕੇ ਨਾਮ ਸਿਮਰਨ ਹਾਰੇ ਦੇ ਸੁਤੇ ਸਹਿਜ ਸੰਕਲਪਤ ਮਨੋਰਥ ਭੀ ਪੂਰੇ ਹੋ ਜਾਂਦੇ ਹਨ। ਏਹਨਾਂ ਮਨੋਰਥਾਂ ਦੇ ਪੂਰੇ ਹੋਣ ਕਰ ਉਸ ਨੂੰ ਤਤ ਸ਼ਾਂਤੀ ਤਾਂ ਪ੍ਰਾਪਤ ਨਹੀਂ ਹੁੰਦੀ। ਓਹ ਤਾਂ ਦਰਸ਼ਨ ਪ੍ਰਾਪਤੀ ਪਰ ਹੀ ਪ੍ਰਾਪਤ ਹੋਵੇਗੀ। ਜਦੋਂ ਦਰਸ਼ਨ ਪ੍ਰਾਪਤੀ ਦਾ ਸੁਭਾਗ ਸਮਾਂ ਆਉਂਦਾ ਹੈ, ਓਦੋਂ ਬਸ ਓਦੋਂ ਹੀ :—

"ਦਰਸਨ ਦੇਖਿ ਸੀਤਲ ਮਨ ਭਏ ॥
ਜਨਮ ਜਨਮ ਕੇ ਕਿਲ ਬਿਖ ਗਏ ॥"

ਵਾਲਾ ਪਰਤਖ ਵਰਤਾਰਾ ਵਰਤ ਜਾਂਦਾ ਹੈ। ਏਹ ਸਿਮਰਨ ਰੂਪ ਚਰਨ ਕੰਵਲਾਂ ਦੇ ਧਿਆਨ ਦੀ ਮਹਤਤਾ ਹੈ, ਜੈਸਾ ਕਿ ਅਗਲਾ ਗੁਰਵਾਕ ਭੀ ਪੁੱਤ੍ਰਤਾ ਕਰਦਾ ਹੈ :—

"ਸਿਮਰਿ ਸਿਮਰਿ ਕਾਟੇ ਸਭ ਰੋਗ ॥ ਚਰਨ ਧਿਆਣ ਸਰਬ ਸੁਖ
ਭੋਗ ॥ ੬ ॥ ਪੂਰਨ ਪੁਰਖ ਨਵਤਨ ਨਿਤ ਬਾਲਾ ॥
ਹਰਿ ਅੰਤਰਿ ਬਾਹਰਿ ਸੰਗਿ ਰਖਵਾਲਾ ॥ ੭ ॥ ਕਹੁ ਨਾਨਕ
ਹਰਿ ਹਰਿ ਪਦੁ ਚੀਨਾ ॥ ਸਰਬਸੁ ਨਾਮ ਭਗਤ ਕਉ ਦੀਨਾ ॥ (ਗਉੜੀ ਮਹਲਾ ੫)

ਭਾਵ ਨਾਮ ਦੀ ਪਾਰਸ ਤਤ ਸਿਮਰਨ ਕਲਾ ਕਰਿ ਅਤੇ ਚਰਨ ਕੰਵਲਾਂ ਦੇ ਧਿਆਨ ਪਰਤਾਪ ਤੋਂ ਸਾਰੇ ਰੋਗ ਕਟੇ ਜਾਂਦੇ ਹਨ ਅਤੇ ਸਰਬ ਸੁਖਾਂ ਸਿਰ ਸੁਖ ਭੀ ਸਾਰੇ ਭੋਗੇ ਜਾਂਦੇ ਹਨ. ਸਾਰੇ ਸੁਖਾਂ ਦਾ ਸਿਰੋਮਣੀ ਸੁਖ ਤਾਂ ਏਹ ਆਣ ਹੁੰਦਾ ਹੈ ਕਿ ਸਦ ਨਵ ਤਨ ਨਿਤ ਬਾਲੜੇ ਜੋਬਨ ਜੁਆਨ ਸਰੂਪ ਵਾਲਾ ਮਨ ਮੋਹਨ ਜਾਨੀਅੜਾ ਪ੍ਰੀਤਮ ਵਾਹਿਗੁਰੁ ਸਰਬ ਕਲਾ ਸੰਪੂਰਨੀ ਪੂਰਨਤਾ ਵਿਚ ਪੂਰਨ ਪੁਰਖ ਹੋ ਕੇ ਸਨੁਮੁਖ ਜਲਵਾ ਅਫਰੋਜ ਆਣ ਹੁੰਦਾ ਹੈ ਅਤੇ ਪ੍ਰੇਮੀ ਭਗਤ ਜਨ ਦੇ ਅੰਤਰਿ ਬਾਹਰਿ ਰਖਵਾਲਾ ਹੋ ਕੇ ਚੋਜੀ ਕੇਲ ਰਚਾਂਵਦਾ ਹੈ। ਸੋ ਭਗਤ ਜਨਾਂ ਨੂੰ ਇਹ ਸਿਮਰਨ ਰੂਪੀ "ਪਦ" ਪ੍ਰਕਾਸ਼ਤ ਹੋਈਆ ਹੈ। ਏਹੀ ਭਗਤ ਜਨਾ ਦਾ ਸਰਬੰਸ ਧਨ, ਮਾਲ ਸਭ ਕੁਛ ਏਹੀ ਹੈ ਜੋ ਧੁਰ ਦਰਗਾਹ ਤੋਂ ਭਗਤ ਜਨਾਂ ਨੂੰ ਮਿਲਿਆ ਹੈ ਜਿਸ ਦੇ ਸਮਸਰ (ਸਦਰਸ) ਯਾ ਜਿਸ ਤੋਂ ਅਫਜ਼ਲ ਵਧ ਕੇ) ਹੋਰ ਕੋਈ ਪਦ ਪਦਵੀ ਵੀ ਨਹੀ ਹੋ ਸਕਦੀ। ਨਾਮ ਸਿਮਰਨ ਰੁਪੀ ਚਰਨ ਕੰਵਲ ਅਰਾਧਨ ਦੀ ਅਮਿਤ ਮਹਿਮਾ ਹੈ, ਦੇਖੋ ਅਗਲੇ ਗੁਰਵਾਕ ਰੂਪੀ ਦੁਤੁਕੀ ਕੀ ਦਸਦੀ ਹੈ :—



www.AKJ.Org

"ਗਰਭ ਕੁੰਡ ਨਰਕ ਤੇ ਰਾਖੈ ਭਵਜਲ ਪਾਰਿ ਉਤਾਰ ॥
ਚਰਨ ਕਮਲ ਆਰਾਧਤ ਮਨ ਮਹਿ ਜਮ ਕੀ ਤ੍ਰਾਸ ਬਿਦਾਰੇ ॥"

(ਗਉੜੀ ਪੂਰਬੀ ਮਹਲਾ ੫)

ਅਰਥਾਤ ਨਾਮ ਸਿਮਰਨ ਦੇ ਪਰਤਾਪ ਕਰ ਚਰਨ ਕੰਵਲਾਂ ਨੂੰ ਮਨ ਵਿਖੇ ਆਰਾਧਨ ਦਾ ਏਹ ਪਾਰਸ ਸ਼ਕਤ ਸਿੱਟਾ ਨਿਕਲਦਾ ਹੈ ਕਿ ਨਾਮ ਸਿਮਰਨ ਹਾਰੇ ਨੂੰ, ਚਰਨ ਕੰਵਲ ਆਰਾਧਨ ਹਾਰੇ ਨੂੰ ਏਹ ਸਿਮਰਨ ਆਰਾਧਨ ਕਲਾ ਗਰਭ ਕੁੰਡ ਚੁਰਾਸੀ ਦੇ ਗੇੜ ਵਿਚ ਨਹੀਂ ਪੈਣ ਦਿੰਦੀ ਅਤੇ ਨਰਕਾਂ ਵਿਚ ਗੋਤਾ ਨਹੀਂ ਖਾਣ ਦਿੰਦੀ, ਸਗੋਂ ਭਵਜਲੋਂ ਪਾਰ ਉਤਾਰ ਦਿੰਦਾ ਹੈ ਅਤੇ ਜਮ ਦੀ ਸਾਰੀ ਤਰਾਸ ਨਿਵਾਰ ਦਿੰਦੀ ਹੈ ।

# ੪. ਨਾਭੀ ਕਮਲ ਦਾ ਸਿੱਧਾ ਹੋ ਕੇ ਖਿੜਨਾ

ਨਾਮ ਸਿਮਰਨ ਸੰਮਿਲਤ ਚਰਨ ਕੰਵਲਾਂ ਦੀ ਚਿਤ ਚਿਤਾਵਨੀ ਅਰਾਧਨਾ ਦਾ ਫਲ ਅੰਕੂਰੀ ਜ਼ਹੂਰ ਜ਼ਹੂਰ ਹੁੰਦੀ ਹੈ, ਉਹ ਅਤੀ ਅਸਚਰਜ ਹੈ । ਯਥਾ ਗੁਰਵਾਕ —

ਚਿਤਿ ਚਿਤਵਉ ਚਰਣਾਰ ਬਿੰਦ ਊਧ ਕਵਲ ਬਿਗਸਾਂਤ ॥
ਪ੍ਰਗਟ ਭਏ ਆਪਹਿ ਗੋਬਿੰਦ ਨਾਨਕ ਸੰਤ ਮਤਾਂਤ ॥

(ਬਾਵਨ ਅੱਖਰੀ)

'ਸੰਤ ਮਤਾਂਤ' ਦਾ ਭਾਵ ਏਥੇ ਗੁਰਮੰਤਰ ਹੈ । ਗੁਰਮੰਤਰ ਦੇ ਪਰਾਜਾਤ ਫਲ ਗੁਰਮੰਤਰ (ਨਾਮ) ਸਿਮਰਨ ਹਾਰੇ ਨੂੰ ਏਹ ਲਗਦੇ ਹਨ ਕਿ ਓਹ ਨਾਮ ਸਿਮਰਨ ਦੇ ਪਰਤਾਪ ਕਰਕੇ "ਚਿਤਿ ਚਿਤਵਉ ਚਰਣਾਰ ਬਿੰਦ' ਮਈ ਰਿਦ ਪਰਤੀਤਨੀ ਪਉੜੀ ਦੇ ਪਹਿਲੇ ਟੰਬ ਤੇ ਚੜ੍ਹਦਾ ਹੈ । ਇਸ ਪਹਿਲੇ ਟੰਬੇ ਤੇ ਹੀ ਨਾਮ ਅਭਿਆਜੀ ਨੂੰ ਨਾਮ ਦਾ ਸਿਮਰਨ ਅਭਿਆਸ ਚਰਨ ਕੰਵਲਾਂ ਦਾ ਚਿਤ ਚਿਤਵਨ ਰੂਪ ਹੋ ਕੇ ਪਰਤੀਤ ਹੁੰਦਾ ਹੈ। ਚਰਣਾਰ ਬਿੰਦ ਦਾ ਚਿਤਿ ਚਿਤ੍ਵਨ ਅਤੇ ਗੁਰਮੰਤ੍ਰ ਨਾਮ ਦਾ ਸਿਮਰਨ ਅਭਿਆਸ ਇਕੋ ਭਾਵ ਰੂਪ ਰਖਦਾ ਹੈ । ਨਾਮ ਸਿਮਰਨ ਅਭਿਆਸ ਅਰਥਾਤ ਚਰਣਾਰ ਬਿੰਦ (ਚਰਨ ਕੰਵਲਾਂ) ਦੇ ਚਿਤਿ ਚਿਤਵਨੀ ਪਾਰਸ ਪਰਭਾਵ ਕਰਿ 'ਊਂਧ ਕੰਵਲ ਬਿਗਸਾਂਤ' ਦਾ ਅਸਚਰਜ ਕਉਤਕ ਵਰਤ ਜਾਂਦਾ ਹੈ, ਭਾਵ ਸੁਆਸ ਸੁਆਸ ਸਿਮਰਨ ਦੇ ਰਸਨ ਰਟਨਾਂਤੀ ਪਉਣ ਫੁਰਾਟੇ ਨਾਭ ਦੇ ਮੂਧੇ ਪਏ ਹੋਏ ਕਉਲ ਨੂੰ ਸਿਧਾ ਕਰਕੇ ਉਸ ਦੇ ਮੀਚੇ ਹੋਏ ਮੂੰਹ ਨੂੰ ਖੋਲ ਦਿੰਦੇ ਹਨ ਅਤੇ ਖੋਲਕੇ ਉਸ ਵਿਚ ਰਸ-ਜੋਤਿ ਦੀ ਚੰਗਾੜੀ ਪਰਜੁਲਤ ਕਰ ਦਿੰਦੇ ਹਨ । ਇਸ ਬਿਧਿ ਉਕਤ 'ਊਂਧ ਕੰਵਲ' ਵਿਗਸ ਉਠਦਾ ਹੈ । ਨਾਮ ਰਸ-ਜੋਤਿ ਚਾਨਣੇ ਨਾਲ ਜਗ ਮਗ ਹੋ ਉਠਦਾ ਹੈ ਤੇ 'ਊਂਧ ਕੰਵਲ ਬਿਗਸਾਂਤ' ਦਾ ਇਉਂ ਨਜ਼ਾਰਾ ਬੱਝਦਾ ਹੈ :—

'ਕੁੰਡਲਨੀ ਸੁਰਝੀ ਸਤਿ ਸੰਗਤਿ ਪਰਮਾ ਨੰਦ ਗੁਰੂ ਮੁਖਿ ਮਚਾ ॥' (ਭੱਟਾਂ ਦੇ ਸਵੱਯੇ)



www.AKJ.Org

ਸੁਆਸ ਅਭਿਆਸੀ, ਰਸ ਸੁਰਾਟੀ, ਪਵਨ ਫੁੱਰਾਟੀ, ਨਾਮ ਸਿਮਰਨ ਰੂਪੀ ਧਉਖਣੀ ਨਾ ਸਿਰਫ ਕੰਵਲ ਨੂੰ ਸਿਧਾ ਕਰਨ ਹਿਤ ਅਤੇ ਉਸ ਦਾ ਮਿਚਿਆ ਮੂੰਹ ਖੋਲਣ ਹਿਤ ਪਵਨ ਪਰਵੇਸਨੀ ਸਕਤ ਹੀ ਰਖਦੀ ਹੈ, ਬਲਕਿ ਉਹ ਖਿੜ ਕੇ ਸਿਧੇ ਹੋਏ ਨਾਭ ਕੰਵਲ ਅੰਦਰਿ ਰਸ-ਜੋਤਿ ਬਿਗਾਸਨੀ ਬਿਜਲੀ ਭੀ ਪੈਦਾ ਕਰਦੀ ਹੈ । ਸੰਸਾਰ ਦੇ ਸੁਨਿਆਰਾਂ ਲੁਹਾਰਾਂ ਦੀਆਂ ਧਉਕਨੀਆਂ ਤਾਂ ਸਿਰਫ ਪਉਨ ਦਾ ਪੱਖਾ ਹੀ ਚਲਾਉਣ ਜੋਗੀਆਂ ਹਨ, ਆਪੋਂ ਅਗਨੀ ਨਹੀਂ ਉਤਪੰਨ ਕਰ ਸਕਦੀਆਂ ਅਗਨੀ ਪਰਚੰਡ ਕਰਨ ਲਈ ਰੰਚਕ ਚੰਗਾੜੀ ਦੀ ਲੋੜ ਅਵੱਸ਼ ਪੈਂਦੀ ਹੈ । ਏਹ ਅਗਨ ਚੰਗਾੜੀ ਈਂਧਨ ਦੇ ਅਬਾਰ ਅੰਦਰ ਰਖੀ ਹੋਈ ਇਸ ਪਵਨ ਧਉਖਣੀਂ ਪਖੇ ਨਾਲ ਭਖ ਕੇ ਸਾਰੀ ਸਮਗਰੀ ਵਿਖੇ ਅਗਨ ਪਰਚੰਡ ਕਰਦੀ ਹੈ ਪਰ ਸਿਮਰਨ ਅਭਿਆਸ ਰੂਪੀ ਧਉਖਣੀ ਅੰਦਰਿ ਪਾਰਸ ਨਾਮ ਰੂਪੀ ਜੋਤਿ ਚਿੰਗਾੜੀ ਨਾਮ ਪਾਰਸ ਵਟੀ ਨਾਲ ਸਪਰਸ ਹੋਈ ਸੁਆਸ ਅਭਿਆਸੀ ਸਿਮਰਨ ਕਲਾ ਦੀ ਧਉਖਣੀ ਨਾ ਸਿਰਫ ਉਰਧ ਕੰਵਲ ਨੂੰ ਸ਼ਗੁਫਤ ਕਰਾਉਂਦੀ ਹੈ ਬਲਕਿ ਨਾਭ ਕੰਵਲ ਕਠੜੀ ਅੰਦਰਿ ਜੋਤਿ ਪ੍ਰਚੰਡੀ ਉਜਿਆਰਾ ਕਰ ਦੇਣ ਨੂੰ ਭੀ ਸਮਰਥ ਹੈ । "ਉਂਧ ਕੰਵਲ ਬਿਗਸਾਤ" ਦੇ ਮੁਅਜਜ਼ੇ ਵਰਤਣ ਪਸਚਾਤ ਚਰਨ ਕੇਵਲ ਮੌਜਰੀ ਨਾਮ ਸਿਰਮਨ ਅਭਿਆਸੀ ਜਨ ਨੂੰ "ਪਰਗਟ ਭਏ ਆਪਹਿ ਗੋਬਿਦ" ਵਾਲਾ ਸਾਕਸ਼ਾਤਕਾਰੀ ਚਮਤਰਕਾਰ ਹੋ ਜਾਂਦਾ ਹੈ । ਪਿਰ ਪਰੀਤਮ ਗੋਬਿੰਦ ਜੋਤੀ ਸਰੂਪ ਦਾ ਵੀ ਸਮੁਚਾ ਦਰਸ਼ਨ ਹੋ ਜਾਂਦਾ ਹੈ । ਮੇਰੇ ਗੋਬਿੰਦ ਰੂਪ ਕਲਾਧਾਰੀ ਵਾਹਿਗੁਰੂ ਪ੍ਰੀਤਮ ਜੀ ਆਪੇ ਹੀ ਪਰਗਟ ਆਣ ਹੁੰਦੇ ਹਨ । ਏਹ ਗੁਰੂ ਨਾਨਕ ਸਾਹਿਬ ਦੇ ਘਰ ਦੇ ਮੰਤਰ ਅਰਥਾਤ ਗੁਰਮਤਿ ਨਾਮ ਗੁਰਮੰਤਰ ਦੀ ਪਾਰਸ ਰਸਾਇਣੀ ਸਿਮਰਨ ਸ਼ਕਤੀ ਦਾ ਪਰਤੱਖ ਜਹੂਰ ਹੈ ।

## ੫. ਕੀਰਤਨ ਦੁਆਰਾ ਚਰਨ ਕੰਵਲਾਂ ਦਾ ਆਨੰਦ !

ਜਿਨ੍ਹਾਂ ਗੁਰਮੁਖਾਂ ਨੂੰ ਗੋਬਿੰਦ ਦੇ ਚਰਨ ਕੰਵਲਾਂ ਸੰਗ ਬਿਸਮ-ਬਿਨੋਦ ਆਤਮ ਰੰਗ ਚਲੂਲੜਾ ਲਗ ਗਿਆ ਹੈ ਉਹਨਾ ਦੇ ਮਨ ਐਸੇ ਨਿਰਮਲ ਹੋ ਜਾਂਦੇ ਹਨ ਕਿ ਉਨ੍ਹਾਂ ਨੂੰ ਦੂਤੀਆ ਤ੍ਰੈਗੁਣੀ ਰੰਗਾਂ ਦੀ ਮੈਲ ਲਗਣੀ ਹੀ ਨਹੀਂ ਪਾਉਂਦੀ । ਵਿਕਾਰੀ ਅਹਾਰਾਂ ਦੀ ਗਨੂਦਗੀ ਤੋਂ ਉਪੰਨੀ ਆਲਸ ਨਿੰਦਰਾ ਉਹਨਾ ਦੇ ਨੇੜ ਨਹੀਂ ਆਉਂਦੀ । ਅਜਿਹੇ ਕੰਗੂਓਂ ਵਧੇਰੇ ਨਿਰਮਲ ਤੇ ਹਰਿ ਰਾਗੇ ਮਨ ਚਰਨ ਕਮਲ ਗਬਿੰਦ ਰੰਗ ਪਾਗੇ ਮਨ— ਅਹਿਨਿਸ (ਦਿਨ ਰਾਤ) ਜਾਗਦੇ ਹੀ ਰਹਿੰਦੇ ਹਨ ਅਤੇ ਹਰਿ ਰਸ; ਹਰਿ ਕੀਰਤਨ, ਭਜਨ ਰੂਪੀ ਸਚੇ ਆਹਰ ਵਿਚ ਲਗੇ ਰਹਿੰਦੇ ਹਨ । ਗੋਬਿੰਦ ਚਰਨ ਕੰਵਲ ਰੰਗ ਰੰਗੜੇ, ਰਸ ਪਾਗੜੇ ਗੁਰਮੁਖਾਂ ਜਿਨ੍ਹਾਂ ਨੂੰ ਚਰਨ ਕੰਵਲ ਦੀਆਂ ਮਉਜ ਰੰਗਾਂ ਵਿਚ ਖਿਨ ਖਿਨ ਕੀਰਤਨ ਤਰੰਗਾਂ ਦੇ ਉਮਾਹੇ ਹੀ ਉਠਦੇ ਰਹਿੰਦੇ ਹਨ । ਉਹ ਇਹਨਾਂ ਮਉਜ ਉਮਾਹੜੇ ਰੰਗਾਂ ਦੇ ਅਧੀਨ ਹੋ ਕੇ ਹੀ ਕੀਰਤਨ ਕਰਦੇ ਰਜਦੇ ਨਹੀਂ । ਜਿਉਂ ਜਿਉਂ ਕੀਰਤਨ ਕਰਦੇ ਹਨ ਤਿਉਂ ਤਿਉ ਚਰਨ ਕੰਵਲਾਂ ਦੇ ਹੋਰ ਚਲੂਲੇ ਰੰਗ ਚੜਦੇ ਹਨ ਅਤੇ ਦਰਸ਼ਨਝਲਕਾਂ ਦੇ ਬਿਨੋਦ ਬਿਸਮਨੀ ਝਲਕੇ ਵਜਦੇ ਹਨ । ਇਸ ਅਨੂਪਮੀ ਅਨੂਠੜੇ ਅਧਾਰ ਉਤੇ ਉਹ ਸਾਰੀ ਸਾਰੀ ਰਾਤ ਤੇ ਸਾਰਾ ਸਾਰਾ ਦਿਨ ਭੀ



www.AKJ.Org

ਜੇ ਕੀਰਤਨ ਕਰਦੇ ਰਹਿਣ ਤਾਂ ਥਕਦੇ ਅਕਦੇ ਨਹੀਂ । ਥਕੇਵਾਂ ਅਕੇਵੇਂ ਭਲਾ ਓਥੇ ਕਿਥੇ ? ਜਿਥੇ ਚਰਨ ਕੰਵਲਾਂ ਦੀ ਮਉਜ ਦੇ ਚਲੂਲੇ ਰੰਗ ਚੜ੍ਹੇ ਹੋਏ ਹੋਣ । ਇਸ ਪ੍ਰਥਾਇ ਏਹ ਗੁਰਵਾਕ ਭਲਾ ਘਟਦਾ ਹੈ :—

ਚਰਨ ਕਮਲ ਗੋਬਿੰਦ ਰੰਗੁ ਲਾਗਾ ।। ਸੰਤ ਪ੍ਰਸਾਦਿ ਭਏ
ਮਨ ਨਿਰਮਲ ਹਰਿ ਕੀਰਤਨ ਮਹਿ ਅਨਦਿਨ ਜਾਗਾ
(ਗਉੜੀ ਤਿਥੀ ਕਬੀਰ ਜੀ)

ਸਤਿਗੁਰ ਪੂਰੇ ਨੇ ਏਹ ਕੀਰਤਨ ਆਧਾਰ ਉਨ੍ਹਾਂ ਨੂੰ ਬਖਸ਼ਿਆ ਹੈ । ਇਸ ਕੀਰਤਨ ਆਧਾਰੀ ਦਾਤ ਦੀ ਬਰਕਤ ਕਰਿ ਉਹ ਚਰਨ ਕੰਵਲਾਂ ਦੀ ਮਉਜ ਨੂੰ ਅੰਤਰ ਹੀ ਅੰਤਰ ਅਕਹਿ ਬਿਸਮੇ ਰੰਗਾਂ ਵਿਚ ਹੋਰ ਵਧੇਰੇ ਮਾਣਦੇ ਹਨ । ਅਤੇ ਰਿਦ ਅੰਤਰ ਹੀ ਪ੍ਰਗਟਨੇ ਚਰਨ ਕੰਵਲਾਂ ਨੂੰ ਅੰਤਰ ਝਾਤੀਆਂ ਮਾਰ ਮਾਰ ਬਿਸਮਾਉਂਦੇ ਮੁਸਕਰਾਉਂਦੇ ਹਨ ਅਤੇ ਰਸ ਜੋਤ ਪਵਨ ਵਿਗਾਸੀ ਸੁਆਸ ਸੁਆਸ ਅਭਿਆਸ ਦੇ ਬੀਜਨ ਢੋਲਾਇ ਢੋਲਾਇ (ਪਖਾ ਕਰ) ਦਰਸ ਅਨੂਪਮੀ ਰੂਪ ਅਨੂਪਮੀ ਅਤੇ ਰਸ ਮਿਠੜ ਗੋਬਿੰਦ ਚਰਨ ਕਲਵਾਰ ਦਾ ਸੇਵਨ ਕਰਦੇ ਹਨ। ਕੈਸੀ ਅਧਿਭੁਤ ਚਰਨ ਕਵਲਾਂ ਦੀ ਇਹ ਸਹਿਜ ਸੇਵਾ ਹੈ :-

"ਚਰਨ ਕਮਲ ਸੇਵੀ ਰਿਦ ਅੰਤਰਿ ਗੁਰ ਪੂਰੇ ਕੈ ਆਧਾਰ ।।"

ਗੁਰਵਾਕ ਦੀ ਇਹ ਤੁਛ ਮਾਤਰ ਵਿਆਖਿਆ ਹੈ । ਅਗਮ ਅਧਾਰ ਪ੍ਰਭੁ ਪ੍ਰਮਾਤਮਾ ਦੇ ਚਰਨ ਕਵਲ ਜਿਨ੍ਹਾਂ ਗੁਰਮੁਖਾਂ ਦੇ ਮਨ ਤਨ ਵਿਚ ਵਸ ਜਾਂਦੇ ਹਨ ਅਤੇ ਅੰਤਰ ਆਤਮੇ ਧਸ ਜਾਂਦੇ ਹਨ, ਉਨ੍ਹਾਂ ਨੂੰ ਕਿਸੇ ਗਲ ਦੀ ਭੀ ਕਮੀਂ ਨਹੀਂ ਰਹਿੰਦੀ । ਕਿਸੇ ਪਦਾਰਥ ਦੀ ਤ੍ਰੋਟ ਨਹੀਂ ਰਹਿੰਦੀ । ਉਨ੍ਹਾਂ ਦੇ ਹਰ ਵਥੁ ਦੇ ਪੂਰਨ ਭੰਡਾਰ ਭਰੇ ਰਹਿੰਦੇ ਹਨ । ਜੈਸਾ ਕਿ ਇਹ ਗੁਰਵਾਕ ਵਿਦਤਾਉਂਦਾ ਹੈ :—

ਤੋਟਿ ਨ ਆਵੈ ਕਦੇ ਮੂਲਿ ਪੂਰਨ ਭੰਡਾਰ ॥
ਚਰਨ ਕਮਲ ਮਨਿ ਤਨਿ ਬਸੇ ਪ੍ਰਭ ਅਗਮ ਅਪਾਰ ॥
( ਬਿਲਾਵਲ ਮਹਲਾ ੫ )

ਤਿਨਾਂ ਨੂੰ ਚਰਨ ਕੰਵਲਾਂ ਦਾ ਆਸਰਾ ਪ੍ਰਭੂ ਪ੍ਰਮਾਤਮਾ ਨੇ ਆਪ ਦਿੱਤਾ ਹੈ ਤੇ ਗੁਰਮੁਖ ਜਨ ਗੁਰੂ ਕਰਤਾਰ ਦੇ ਆਸਰੇ ਪ੍ਰਾਇਣ ਹੋਏ ਚਰਨ ਸਰਨ ਹੀ ਸਮਾਏ ਰਹਿੰਦੇ ਹਨ ! ਤਿਸ ਚਰਨ ਸਰਨ ਪ੍ਰਾਇਣ ਹੋਏ ਸਮਾਏ ਰਹਿਣ ਦਾ ਸਦਾ ਹੀ ਬੜਾ ਪਰਤਾਪ ਵਰਤਦਾ ਹੈ । ਸੋਈ ਏਹ ਅਗਲੇਰਾ ਗੁਰਵਾਕ ਦਸਦਾ ਹੈ :—

ਚਰਨ ਕਮਲ ਕਾ ਆਸਰਾ ਦੀਨੋ ਪ੍ਰਭਿ ਆਪਿ ॥
ਪ੍ਰਭ ਸਰਣਾਗਤਿ ਜਨ ਪਰੇ ਤਾਕਾ ਸਦ ਪਰਤਾਪੁ ॥
( ੨ ॥ ੩ ॥ ੫੭ ॥ ਬਿਲਾਵਲ ਮਹਲਾ ੫ )



www.AKJ.Org

## ੬. ਚਰਨ ਕਮਲ ਦੀ ਮਉਜ ਦੇ ਅਨਿਕ ਰੰਗੀ ਅਨੰਦ-ਹੁਲਾਸ

ਚਰਨ ਕੰਵਲਾਂ ਦੀ ਮਉਜ ਮਾਨਣ ਦੇ ਰੰਗਾਂ ਦੀ ਵਡਿਆਈ ਬਾਰੇ ਇਉਂ ਗੁਰਵਾਕ ਵਰਣਤ ਹੈ । :—

ਚਰਨ ਕਮਲ ਜਾ ਕਾ ਮਨ ਰਾਪੈ ॥ ਸੋਗ ਅਗਨ ਤਿਸ
ਜਨ ਨ ਵਿਆਪੈ ॥ (੨ ॥ ੧ ॥ ੫੫ ॥ ਧਨਾਸਰੀ ਮਹਲਾ ੫)

ਭਾਵ ਚਰਨ ਕੰਵਲਾਂ ਦੀ ਮਉਜ ਦੇ ਰੰਗਾਂ ਵਿਚ ਜਿਸ ਦਾ ਮਨ ਰਪ ਗਿਆ ਹੈ ਅਰਥਾਤ ਰੰਗਿਆਂ ਗਿਆ ਹੈ, ਤਿਸ ਜਨ ਨੂੰ ਸੋਗ ਦੀ ਅਗਨੀ ਕਦੇ ਨਹੀਂ ਪੋਹ ਸਕਦੀ । ਚਰਨ ਕੰਵਲਾਂ ਦੇ ਰੰਗ ਵਿਚ ਮਉਜੀ ਭੰਵਰੇ ਹਰਦਮ ਚਰਨ ਕੰਵਲਾਂ ਉਪਰ ਹੀ ਮਸਤ ਰਹਿੰਦੇ ਹਨ । ਉਹਨਾਂ ਨੂੰ ਸਦਾ ਹੀ ਚਰਨ ਕੰਵਲਾਂ ਰਸਾਲੜੀ ਖ਼ੁਮਾਰ ਦਾ ਨਸ਼ਾ ਚੜ੍ਹਿਆ ਰਹਿੰਦਾ ਹੈ ਸੋ ਚਰਨ ਕੰਵਲਾਂ ਦੇ ਰਸ ਖੀਵੜੇ ਰਸ ਭੰਵਰਿਆ ਨੂੰ ਸੋਗ ਵਿਜੋਗ ਦੀ ਅਗਨੀ ਕਦੇ ਪੋਹ ਨਹੀਂ ਸਕਦੀ, ਉਹ ਸਦਾ ਹੀ ਖਿੜੇ ਰਹਿੰਦੇ ਹਨ । ਕਦੇ ਭੀ ਉਦਾਸੀਨ ਅਤ ਸ਼ੋਕਾਂਤਰ ਨਹੀਂ ਹੁੰਦੇ । ਕਿਉਂਕਿ :-

"ਚਰਨ ਕਮਲ ਆਧਾਰੁ ਜਨ ਕਾ ਰਾਸਿ ਪੂੰਜੀ ਏਕ ॥
ਤਾਣ ਮਾਣ ਦੀਬਾਣੁ ਸਾਚਾ ਨਾਨਕ ਕੀ ਪ੍ਰਭ ਟੇਕ ॥

( ਧਨਾਸਰੀ ਮਹਲਾ ੫ )

ਗੁਰਵਾਕ ਦੇ ਭਾਵ ਅਨੁਸਾਰ ਚਰਨ ਕਵਲ ਆਧਾਰੀ ਗੁਰਮੁਖ ਜਨਾਂ ਦਾ ਚਰਨ ਕੰਵਲ ਹੀ ਅਧਾਰ ਹੈ ! ਓਹਨਾਂ ਦੀ ਰਾਸ ਪੂੰਜੀ ਭਾ ਇਕੋ ਏਹੀ ਹੈ । ਚਰਨ ਕੰਵਲ ਹੀ ਓਹਣਾਂ ਦਾ ਤਾਣ ਹੈ, ਚਰਨ ਕੰਵਲ ਹੀ ਓਹਨਾਂ ਦਾ ਮਾਣ ਹੈ, ਅਤੇ ਚਰਨ ਕੰਵਲ ਹੀ ਉਹਨਾਂ ਦੀ ਸਚੀ ਟੇਕ ਹੈ । ਇਸ ਗੁਰਵਾਕ ਦੀ ਪ੍ਰੋੜ੍ਹਤਾ ਹੀ ਅਗਲਾ ਗੁਰਵਾਕ ਕਰਦਾ ਹੈ :—

"ਚਰਨ ਕਮਲ ਹਰਿ ਜਨ ਕੀ ਬਾਤੀ ਕੋਇ ਸੂਖ ਬਿਸਰਾਮ ॥
ਗੋਬਿੰਦੁ ਦਮੋਦਰ ਸਿਮਰਉ ਦਿਨ ਰੈਨਿ ਨਾਨਕ ਸਦ ਕੁਰਬਾਨ ॥"

(ਧਨਾਸਰੀ ਮਹਲਾ ੫ ॥ ੧ ॥ ੧੧ ॥ ੪੨ ॥)

ਭਾਵ ਚਰਨ ਕੰਵਲ ਹੀ ਹਰਿ ਜਨ ਕਾ ਠਿਕਾਣਾ, ਧਨ, ਮਾਲ ਖਜਾਨਾ ਹੈ ਅਤੇ ਕੋਟਾਨ ਕੋਟ ਸੁਖਾਂ ਦਾ ਬਿਸਰਾਮ ਅਸਥਾਨ ਹੈ, ਅਰਥਾਤ ਚਰਨ ਕੰਵਲ ਦੀ ਮਉਜ ਵਿਚ ਸਮਾਇ ਰਹਿਣ ਕਰਿ ਬਿਅੰਤ ਸੁਖਾਂ ਦੇ ਘਰ ਵਿਚ ਬਿਸਰਾਮ ਹੋ ਜਾਂਦਾ ਹੈ । ਕੋਟ ਸੁਖਾਂ ਦਾ ਬਿਸਰਾਮ ਚਰਨ ਕੰਵਲ ਦੀ ਮਉਜ ਅੰਦਰਿ ਸਮਾਇ ਰਹਿਣ ਵਿਚ ਹੈ । ਵਾਹਿਗੁਰੂ ਦੀ ਭਗਤੀ ਦਾ ਆਨੰਦ ਏਥੇ ਹੀ ਆਉਂਦਾ ਹੈ ਸਗੋਂ ਨਾਮ ਸਿਮਰਨ ਦਾ ਉਮਾਹਾ ਭਗਤ ਜਨ ਚਰਨ ਕੰਵਲ ਭਜਨੀਕਾਂ ਨੂੰ ਦਹਿ-ਦੂਣਾ ਹੋ ਕੇ ਅਗੇ ਨਾਲੋਂ ਭੀ ਦਹਿ ਦੂਨ ਹੋ ਕੇ ਉਪਜਦਾ ਰਹਿੰਦਾ ਹੈ । ਗੁਰੂ ਨਾਨਕ ਸਾਹਿਬ ਦੇ ਘਰ ਦਾ ਭਗਤ ਜਨ ਚਰਨ ਕੰਵਲ ਮੌਜਾਰੀ ਗੁਰਮੁਖਿ ਅਭਿਆਸੀ ਏਹੋ



www.AKJ.Org

ਅਕਾਂਖਦਾ ਲੋਚਾ ਲੋਚਦਾ, ਅਕਾਂਖਦਾ ਰਹਿੰਦਾ ਹੈ ਕਿ ਵਾਹਿਗੁਰੂ (ਗੋਬਿੰਦ ਦਮੋਦਰ ਸਵਾਮੀ) ਨੂੰ ਦਿਨ ਰੈਣ ਸਿਮਰਦਾ ਹੀ ਰਹਾਂ ਅਤੇ ਸਦਾ ਸਿਮਰ ਸਿਮਰ ਕੇ ਕੁਰਬਾਨ ਹੋ ਹੋ ਜਾਵਾਂ।

**ਚਰਨ ਕੰਵਲ ਦੇ ਅਮੋਘ ਦਰਸ਼ਨਾਂ** ਦੀ ਮੌਜ ਮਹਿਮਾ ਐਸੀ ਅਪਰ ਅਪਾਰ ਹੈ ਕਿ ਜਿਸ ਜਨ ਦਾ ਮਨ ਚਰਨ ਕੰਵਲ ਦੀ ਮਉਜ ਦੇ ਰੰਗਾਂ ਵਿਚ ਰੰਗਿਆ ਗਿਆ ਹੈ, ਉਹ ਸਦ ਸਦਾ ਹੀ ਅੰਮ੍ਰਿਤ ਦੇ ਸਰੋਵਰ ਵਿਚ ਸਰਸ਼ਾਰ ਅਤੇ ਨਿਮਗਨ ਹੋ ਕੇ ਤਾਰੀਆਂ ਲਾਉਂਦਾ ਹੈ ਅਤੇ ਦੰਮ ਦੰਮ ਹਰ ਖਿਨ ਲਾਉਂਦਾ ਰਹਿੰਦਾ ਹੈ ਇਕ ਖਿਨ ਭੀ ਇਸ ਅਨੰਦ ਮਉਜ ਤੋਂ ਬਿਸਰਾਮ ਨਹੀਂ ਹੁੰਦਾ, ਉਸ ਤੋਂ ਬਿਸਰਜਤ ਹੋ ਹੀ ਨਹੀਂ ਹੁੰਦਾ, ਹੋਵੇ ਤਾਂ ਉਸ ਦਾ ਮਰਨ ਹੋ ਜਾਂਦਾ ਹੈ। ਚਰਨ ਕੰਵਲਾਂ ਦੀ ਮਉਜ ਵਿਚ ਮਉਜੀ ਹੋ ਕੇ ਉਹ ਇਸ ਮੌਜ ਅਨੰਦ ਬਹਾਰ ਨੂੰ ਮਾਣਦਾ ਹੋਇਆ, ਉਸ ਆਨੰਦ ਅਹਿਲਾਦ ਦੇ ਬਿਸਮ ਸੁਆਦ ਵਿਚ ਆ ਮੁਹਾਰਾ ਅਤੇ ਸਹਿਜ ਸਰਸ਼ਾਰਤ ਹੋ ਕੇ ਵਾਹੁ ਵਾਹ ਚਵੀ ਜਾਂਦਾ ਹੈ। ਜਿਉਂ ਜਿਉਂ ਵਾਹੁ ਵਾਹੁ ਚੰਵਦਾ (ਜਪਜਾ) ਹੈ ਤਿਉਂ ਤਿਉਂ ਏਹ ਆਨਦ ਖ਼ੇੜ ਹੋਰ ਵਧਰੇ ਖਿੜਦੇ ਹਨ। ਤਾਂ ਤੇ ਨਾ ਹੀ ਉਸ ਤੋਂ ਵਾਹ ਵਾਹ ਦਵਣੀ ਸਿਫਤ ਸਾਲਾਹ ਤੋਂ ਹਟਿਆ ਜਾਵੇ ਅਤੇ ਨਾ ਹੀ ਇਸ ਆਨੰਦ ਮਉਜ ਦੇ ਖੇੜੇ ਘਟਣ। ਇਹੀ ਸਿਫਤ ਸਾਲਾਹ ਉਸ ਦੀ ਪ੍ਰਾਣ ਆਧਾਰ ਬਣ ਜਾਂਦੀ ਹੈ, ਜੋ ਪ੍ਰਾਣ ਪਤੀ ਪ੍ਰੀਤਮ ਰਾਉ ਵਾਹਿਗੁਰੂ ਦੇ ਚਰਨ ਕੰਵਲਾਂ ਤੋਂ ਇਕ ਭੋਰੀ ਭੀ ਉਸ ਨੂੰ ਨਹੀਂ ਵਿਛੜਦੀ ਵਿਛੜਨ ਵਿਛੋੜਨ ਦਿੰਦੀ ਹੀ ਨਹੀਂ। ਸਿਫਤਿ ਸਾਲਾਹਣ ਰਸ ਵਿਚ ਗੀਧੇ ਗੁਰਮੁਖ ਜਨਾਂ ਦੇ ਏਹ ਕੇਸੇ ਉਜੱਲ ਸੁਭਾਗ ਹਨ ਅਤੇ ਉਸ ਦੇ ਉਲਟ ਪ੍ਰਾਨ ਪਤੀ ਪ੍ਰੀਤਮ ਵਾਹਿਗੁਰੂ ਨੂੰ ਵਿਸਰਨ ਵਿਸਾਰਨ ਹਾਰਾ ਬਪੁੜਾ ਸਾਕਤ ਬਿਚਾਰਾ ਕੈਸਾ ਅਭਾਗਾ ਹੈ, ਜਿਸ ਨੂੰ ਪਰਮਾਰਥੀ ਨੇਅਮਤਾਂ ਤੋਂ ਉਕਾ ਹੀ ਮਹਿਰੂਮ ਰਹਿਣਾ ਪੈਂਦਾ ਹੈ। ਯਥਾ ਗੁਰਵਾਕ--

ਜਿਸ ਕਉ ਬਿਸਰੈ ਪ੍ਰਾਨ ਪਤਿ ਦਾਤਾ ਸੋਈ ਗਨਹੁ ਅਭਾਗਾ ॥
ਚਰਨ ਕਮਲ ਜਾ ਕਾ ਮਨੁ ਰਾਗਿਓ ਅਮਿਉ ਸਰੋਵਰ ਪਾਗਾ ॥

ਉਪਰ ਲਿਖੀ ਹਾਲ ਹਕੀਕਤ ਐਨ ਇਸ ਗੁਰਵਾਕ ਦੀ ਹਕੀਕੀ ਵਿਆਖਿਆ ਹੈ। ਚਰਨ ਕੰਵਲਾਂ ਦੀ ਮਉਜ ਦੇ ਰੰਗਾਂ ਵਿਚ ਰਤੜਾ ਜਨ ਅਨ ਦਿਨ ਨਾਮ ਦੇ ਰੰਗਾਂ ਵਿਚ ਜਾਗਦਾ ਹੈ ਅਤੇ ਜਾਗ ਸੁਜਾਗਾ ਹੋਕੇ ਸੁਚੇਤ ਚੇਤੰਨਤਾ ਸਹਿਤ ਸਾਵਧਾਨ ਹੋ ਕੇ ਜਾਗਦਾ ਹੈ। ਉਸ ਦੇ ਤਨ ਮਨ ਸਰੀਰ ਆਤਮ ਅੰਦਰੋਂ ਆਲਸ ਨਿੰਦਰਾ ਸਭ ਚੂਰ ਚਕਨਾ ਚੂਰ ਹੋ ਜਾਂਦੀ ਹੈ। ਕਿਉਂਕਿ ਉਸ ਦਾ ਪ੍ਰਾਨ ਪਤੀ ਪ੍ਰਾਨ ਦਾਤਾਰੇ, ਪ੍ਰੀਤਮ ਵਾਹਿਗੁਰੂ ਦੇ ਚਰਨ ਕਵਲਾ ਦੇ ਪਰਬਲ ਪਿਆਰ ਸੇਤੀ ਮਨ ਬੇਧਿਆ ਹੋਇਆ ਹੁੰਦਾ ਹੈ। ਇਤ ਪਰਬਲ ਪ੍ਰੀਤਮੀ ਪਿਆਰ ਦਰਸਾਰ ਦੇ ਤੁਫਲ ਉਸ ਨੂੰ ਪ੍ਰੀਤਮ ਦਰਸਨ ਦੀ ਜੋਤਿ ਕਿਰਨਾਰੀ ਤਾਰ ਸਗਲ ਘਟਾਂ ਅੰਦਰ ਹੀ ਪਰੋਤੀ ਪਰਤਖ਼ ਨਜ਼ਰ ਪੈਂਦੀ ਹੈ, ਅਤੇ ਜਿਥ ਜਿਥੇ ਭੀ ਉਸ ਦੀ ਦਿਬ ਦ੍ਰਿਸਟਾਰ ਹੋਈ ਨਜ਼ਰ ਪੈਂਦੀ ਹੈ। ਤਿਥੇ ਤਿਥੇ ਓਹ ਵਾਹਿਗੁਰੂ ਜੋਤੀ ਸਰੂਪ ਨੂੰ ਪਰੀ ਪੂਰਨ ਪੇਖਦਾ ਹੈ ਅਤੇ ਸਾਂਗੋ ਪਾਂਗ ਪੇਖਦਾ ਹੈ। ਇਸ ਪਦ ਪ੍ਰਾਪਤੇ, ਚਰਨ ਕੰਵਲ ਦੀ ਸੋਭਾ ਵਾਲੇ ਪ੍ਰਾਨ ਸਾਨ ਰਾਂਗੀਲੜੇ ਮੋਹਨ ਲਾਲ ਗੋਪਾਲ ਗੋਬਿੰਦ ਵਾਹਿਗੁਰੂ ਨੂੰ



www.AKJ.Org

ਸਾਂਗੋ ਪਾਂਗ ਪੇਖਨ ਹਾਰੇ ਅੰਮ੍ਰਿਤ ਨਾਮ ਗਟਕਾਰੀ ਗੁਰੂ ਨਾਨਕ ਵਰੋਸਾਏ ਗੁਰਮੁਖਿ ਜਨ, ਹੋਰ ਸਾਰੇ ਦੂਤੀਆ ਭਾਵ ਦੇ ਰਸਾਂ ਕਸਾਂ ਸੁਆਦਾਂ, ਗੀਤ ਨਾਦਾਂ, ਮੋਹ ਮਮਤਾ ਮਈ ਅਨੁਰਾਗ (ਤਰੈ ਗੁਣ ਮਾਇਆ ਦੇ ਪ੍ਰੀਤ ਬਿਪ੍ਰੀਤੀ ਪਿਆਰਾਂ) ਨੂੰ ਉਕਾ ਹੀ ਤਿਆਗ ਦਿੰਦੇ ਹਨ। ਵਾਹੁ ! ਵਾਹੁ !!

"ਤੇਰਾ ਜਨ ਰਾਮ ਨਾਮ ਰੰਗਿ ਜਾਗਾ ॥ ਆਲਸ ਛੀਜ
ਗਿਆ ਸਭ ਤਨ ਤੇ ਪ੍ਰੀਤਮ ਸਿਉ ਮਨੁ ਲਾਗਾ ॥ ੧ ॥
ਰਹਾਉ । ਜਹ ਜਹ ਪੇਖਉ ਤਹ ਨਾਰਾਇਣੁ ਸਗਲ
ਘਟਾ ਮਹਿ ਤਾਗਾ ॥ ਨਾਮ ਉਦਕੁ ਪੀਵਤ ਜਨ ਨਾਨਕ
ਤਿਆਗੇ ਸਭਿ ਅਨੁਰਾਗਾ ॥ (ਧਨਾਸਰੀ ਮਹਲਾ ੫)

ਏਹ ਗੁਰਵਾਕ ਕੈਸਾ ਪਰਥਾਇ ਘਟਿਆ ਹੈ। ਏਹ ਸਭੁ ਕੁਛੁ ਸਿਮਰਨ ਦੀ ਹੀ ਪਾਰਸ ਕਲਾ ਦਾ ਪਰਤਾਪ ਹੈ, ਸਿਮਰਨ ਅੰਦਰ ਹੀ ਚਰਨ ਕਵਲ ਵਸਦੇ ਹਨ। ਸਿਮਰਨ ਦੁਆਰਾ ਹੀ ਸਗਲ ਮਨੋਰਥ ਪੂਰਨ ਹੁੰਦੇ ਹਨ ਅਤੇ ਗੁਰਮਤਿ ਅੰਦਰਿ ਗੁਰਮੁਖ ਸਿਖ ਜਗਿਆਸੂ ਦੀ ਹਰ ਸਮੇਂ ਏਹੋ ਅਕਾਂਖਿਆ ਬਣੀ ਰਹਿੰਦੀ ਹੈ ਅਤੇ ਬਣੀ ਰਹਿਣੀ ਚਾਹੀਦੀ ਹੈ ਕਿ ਨਿਸਕਾਮ ਅਤੇ ਨਿਰ-ਇਛਤ ਹੋ ਕੇ ਕੇਵਲ ਗੁਰਮੰਤਰ ਗੁਰਮਤਿ ਨਾਮ ਦਾ ਸਿਮਰਨ ਹੀ ਕਰੀ ਜਾਵੇ, ਸਿਮਰਨ ਦਾਤੇ ਗੁਰੂ ਕਰਤਾਰ ਤੋਂ ਜਦ ਮੰਗੇ ਤਾਂ ਸਿਮਰਨ ਦੀ ਹੀ ਦਾਤ ਮੰਗੇ। ਹੋਰ ਸਾਰੇ ਮਨੋਰਥ ਇਸ ਮੰਗ ਦੇ ਪਿਛੇ ਸੁਤੇ ਸੁਭਾਵ ਹੀ ਲਗੇ ਤੁਰੇ ਆਉਂਦੇ ਹਨ, ਪਰੰਤੂ ਸਿਮਰਨ ਸ਼ੁਦਾਈਆਂ ਦੀ ਸਭ ਤੋਂ ਵਡੀ ਅਰਥ ਪ੍ਰਮਾਰਥੀ ਮੰਗ ਚਰਨ ਕੰਵਲਾਂ ਦੀ ਮਉਜ ਮਾਨਣ ਦੀ ਹੈ ਜੋ ਕੇਵਲ ਸਿਮਰਨ ਕਮਾਈ ਦੁਆਰਾ ਹੀ ਪੂਰੀ ਹੁੰਦੀ ਹੈ। ਇਸ ਸਿਮਰਨ ਅਕਾਂਖਿਆ ਦੀ ਇਸ ਅਗਲੇ ਗੁਰਵਾਕ ਵਿਖੇ ਸਤਿਗੁਰੂ ਨੇ ਸਾਨੂੰ ਸੋਹਣੀ ਜਾਚ ਸਿਖਾਈ ਹੈ--

"ਮਾਂਗਉ ਰਾਮ ਤੇ ਇਕੁ ਦਾਨੁ ॥ ਸਗਲ ਮਨੋਰਥ ਪੂਰਨ
ਹੋਵਹਿ ਸਿਮਰਉ ਤੁਮਰਾ ਨਾਮੁ ॥ ੧ ॥ ਰਹਾਉ । ਚਰਨ
ਤੁਮਾਰੇ ਹਿਰਦੈ ਵਾਸਹਿ ਸੰਤਨ ਕਾ ਸੰਗਿ ਪਾਵਉ ॥"

(ਧਨਾਸਰੀ ਮਹਲਾ ੫)

ਸਿਮਰਨ ਕਲਾ ਦੁਆਰਾ ਚਰਨ ਕਮਲਾਰ ਦੇ ਰਿਦੈ ਉਦੋਤ ਹੋਣ ਸਾਰ ਅੰਮ੍ਰਿਤ ਰਸ ਰਸਾਇਣੀ ਭੂੰਚਾਰ ਆਰੰਭ ਹੋ ਜਾਂਦੀ ਹੈ। ਅੰਮ੍ਰਿਤ ਨਾਮ ਦਾ ਅੰਮ੍ਰਿਤ ਸਰਸਾਰੀ ਚਸਮਾ ਜਦੋਂ ਸਿਮਰਨ ਅਭਿਆਸ ਕਮਾਈ ਦੁਆਰਾ ਘਟ ਅੰਤਰਿ ਸਫੁਟ ਹੁੰਦਾ ਹੈ ਤਦੋਂ ਹੀ ਚਰਨ ਕੰਵਲਾਂ ਦਾ ਜ਼ਹੂਰ ਮਉਜ਼ਜ਼ਨ ਹੁੰਦਾ ਹੈ। ਯਥਾ ਗੁਰਵਾਕ :--



www.AKJ.Org

"ਤਾਕਉ ਬਿਘਨੁ ਨ ਕੋਈ ਲਾਗੈ ਜੋ ਸਤਿਗੁਰਿ ਅਪੁਨੈ ਰਾਖੈ ॥
ਚਰਨ ਕਮਲ ਬਸੇ ਰਿਦ ਅੰਤਰਿ ਅੰਮ੍ਰਿਤ ਹਰ ਰਸੁ ਚਾਖੈ ॥"
(ਸੋਰਠ ਮਹਲਾ ੫)

ਇਹ ਭਾਵ ਅਗਲਾ ਗੁਰਵਾਕ ਭੀ ਪਰੋੜ੍ਹਤਾ ਸਹਿਤ ਨਿਰੂਪਨ ਕਰਾਉਂਦਾ ਹੈ :--

ਚਰਨ ਕਮਲ ਸਿਉ ਜਾਕਾ ਮਨੁ ਲੀਨਾ ਸੇ ਜਨ ਤ੍ਰਿਪਤ ਅਘਾਈ ॥ ਗੁਣ ਅਮੋਲ ਜਿਸੁ ਰਿਦੈ ਨ ਵਸਿਆ ਤੇ ਜਨ ਤ੍ਰਿਸਨ ਤ੍ਰਿਖਾਈ ॥ ੧ ॥ ਹਰਿ ਆਰਾਧੇ ਅਰੋਗ ਅਨਦਾਈ ॥" (ਧਨਾਸਰੀ ਮਹਲਾ ੫)

ਭਾਵ ਹਰਿ ਸਿਮਰਨ (ਹਰਿ ਆਰਾਧਨ) ਕਰਿ ਨਾਮ ਸਿਮਰਨਹਾਰਾ ਅਰੋਗ ਹੋ ਜਾਂਦਾ ਹੈ, ਅਤੇ ਸਰਬ ਰੋਗ ਰਹਿਤ ਹੋ ਕੇ ਅਨੰਦਤ ਹੋ ਜਾਂਦਾ ਹੈ । ਇਸ ਆਤਮ ਆਨੰਦੀ ਦਸ਼ਾ ਅੰਦਰ ਚਰਨ ਕੰਵਲ ਰਸਜੋਤਿ ਸ਼ਗੂਫੇ ਦਾ ਅੰਕੁਰ ਆਨਿ ਪ੍ਰਗਟ ਹੁੰਦਾ ਹੈ । ਇਸ ਚਰਨ ਕੰਵਲ ਰਸ-ਜੋਤਿ ਆਨੰਦ ਵਿਚ ਜਿਸ ਵਿਚ ਅਭਿਆਸੀ ਜਨ ਦਾ ਮਨ ਲੀਨ ਹੋ ਜਾਂਦਾ ਹੈ, ਉਸ ਦੀਆਂ ਸਭ ਭੁਖਾਂ ਮਿਟ ਜਾਂਦੀਆਂ ਹਨ, ਉਹ ਇਸ ਚਰਨ ਕੰਵਲ ਰਸ-ਜੋਤਿ ਲੀਨਤਾ ਵਿਚ ਹੀ ਤ੍ਰਿਪਤ ਹੋ ਕੇ ਰਜਿਆ ਰਹਿੰਦਾ ਹੈ । ਅਜੇਹੇ ਅਮੋਲ ਗੁਣਾਂ ਵਾਲਾ ਵਾਹਿਗੁਰੂ ਯਾ ਵਾਹਿਗੁਰੂ ਨਾਮੁ ਜਿਸ ਦੇ ਹਿਰਦੇ ਵਿਚ ਨਹੀਂ ਵਸਿਆ, ਉਸ ਦੀ ਭੁਖ ਤ੍ਰਿਸ਼ਨਾ ਕਦੇ ਨਹੀਂ ਉਤਰਨੀ ਓਹ ਸਦਾ ਹੀ ਤ੍ਰਿਖਨਾਲੂ ਤੇ ਤ੍ਰਿਸ਼ਨਾਲੂ ਹੀ ਬਣਿਆਂ ਰਹਿੰਦਾ ਹੈ: ਕਦੇ ਭੀ ਨਹੀਂ ਅਘਾਉਂਦਾ ਤ੍ਰਿਪਤਾਉਂਦਾ ।

ਵਾਹਿਗੁਰੂ ਨਾਮ ਦਾ ਸਿਮਰਨ ਅਤੇ ਸਿਮਰੀ ਜਾਣਾ ਚਰਨ ਕੰਵਲਾਂ ਦਾ ਮਨ ਵਿਚ ਉਤਾਰ ਕੇ ਖਿਨ ਖਿਨ ਰਸ ਲਈ ਜਾਣਾ ਹੈ । ਯਥਾ ਗੁਰਵਾਕ :—

ਸਿਮਰਿ ਸਿਮਰਿ ਸਿਮਰਿ ਸੁਖ ਪਾਇਆ ਚਰਨ ਕਮਲ ਰਖੁ ਮਨ ਮਾਹੀ॥ ਤਾਕੀ ਸਰਨਿ ਪਰਿਓ ਨਾਨਕ ਦਾਸ ਜਾ ਤੇ ਊਪਰਿ ਕੋ ਨਾਹੀ ॥ (ਬਲਾਵਲ ਮਹਲਾ ੫)

ਅਰਥਾਤ ਸਿਮਰਨ ਕਮਾਈ ਦੁਆਰਾ ਜਦੋਂ ਨਾਮ ਦਾ ਵਿਗਾਸ ਅੰਤਰਗਤਿ ਹੁੰਦਾ ਹੈ, ਤਦੋਂ ਹੀ ਚਰਨ ਕੰਵਲਾਂ ਰੂਪੀ ਜੋਤਿ ਵਿਗਾਸੀ ਜ਼ਹੂਰ ਅੰਤਰ ਆਤਮੇ ਆਣ ਉਦੇ ਹੁੰਦਾ ਹੈ ਤਦੋਂ ਇਸ ਪਦ ਪੁਗੜੇ ਸ਼ਿਮਰਨ ਰਸ ਵਿਚ ਹੀ ਇਸ ਸਸਾਰ ਰੂਪੀ ਬਿਖਿਆ ਬਨ ਘੋਰ ਨੂੰ ਅਨੰਦ ਸੇਤੀ ਗਾਹ ਸਿਟੀਦਾ ਹੈ ਅਤੇ ਸਿਮਰਨ ਦੀ ਇਸ ਅਵਸਥਾ ਵਿਖੇ ਹੀ ਚਰਨ ਕੰਵਲ, ਭਵ ਸਾਗਰ ਤੋਂ ਪਾਰ ਉਤਰਨ ਲਈ ਬੋਹਿਥ ਰੂਪ ਹੋ ਕੇ ਪਰਗਟ ਤੇ ਪ੍ਰਾਪਤ ਹੁੰਦੇ ਹਨ । ਯਥਾ ਗੁਰਵਾਕ :—


www.AKJ.Org

"ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ ਅਨਦ ਸੇਤੀ
ਬਿਖਿਆ ਬਨੁ ਗਾਹੀ ॥ ਚਰਨ ਪ੍ਰਭੂ ਕੇ ਬੋਹਿਥ ਪਾਏ
ਭਵ ਸਾਗਰ ਪਾਰਿ ਪਰਾਹੀ ॥ (ਬਿਲਾਵਲ ਮਹਲਾ ੫)

ਰਾਮ ਰਸਾਇਣ ਰਤੜੀ ਰਸਨਾ, ਨਾਮ ਨਿਧਾਨੀ ਚਰਨ ਕੰਵਲ ਦੇ ਰਸ-ਜੋਤਿ ਨਿਧਾਨ ਨੂੰ ਪਰ-ਜੁਅਲਤ ਕਰਨਹਾਰੀ ਇਕ ਪਰਮ ਅਧਭੁਤ ਜੁਆਲਾ ਮੁਖੀ ਖਾਨ ਹੈ ਜੈਸਾ ਕਿ ਇਸ ਗੁਰਵਾਕ ਦਾ ਭਾਵ ਹੈ :—

"ਰਸਨਾ ਰਾਮ ਰਸਾਇਨ ਮਾਤੀ । ਰੰਗਿ ਰੰਗੀ ਰਾਮੁ
ਅਪਨੇ ਕੈ ਚਰਨ ਕਮਲ ਨਿਧਿ ਥਾਤੀ ॥"

ਗੁਰਮਤਿ ਨਾਮ ਇਕ ਪਾਰਸ ਰੂਪ ਰਸਾਇਣ ਹੈ। ਜਦ ਏਹ ਸਿਮਰਨ ਜਾਪ ਅਭਿਆਸ ਕਮਾਈ ਦੁਆਰਾ ਰਸਨਾ ਨਾਲ ਪਰਸਿਆ ਜਾਂਦਾ ਹੈ ਤਾਂ ਇਸ ਰਾਮ ਰਸਾਇਨ ਪਰਸੀਧੀ ਰਸਨਾ ਤੋਂ ਰਸ-ਜੋਤਿ ਦੀ ਬਿਜਲੀ ਪ੍ਰਗਟ ਹੁੰਦੀ ਹੈ, ਤਾਂ ਇਹ ਉਸ ਰਸ-ਜੋਤਿ ਬਿਜਲਾਣੀ ਰੰਗਣ ਨਾਲ ਰੰਗੀ ਜਾਂਦੀ ਹੈ। ਇਸ ਰਸ-ਜੋਤਿ ਬਿਜਲਾਣੀ ਰੰਗਣ ਵਿਚ ਰੰਗੇ ਹੋਏ ਚਰਨ ਕੰਵਲ (ਪਾਰ ਬ੍ਰਹਮ ਪ੍ਰੀਤਮ ਜੋਤੀ ਸਰੂਪ ਵਾਹਿਗੁਰੂ ਦੇ) (ਘਟ ਅੰਤਰ ਹੀ ਬਿਜਲ-ਚਮਕਾਣੀ ਆਭਾ ਮਾਰ ਉਠਦੇ ਹਨ, ਇਸ ਬਿਧ ਇਹ ਰਾਮ ਰਸਾਇਣ ਮਾਤੀ ਰੰਗ ਰਾਤੀ ਰਸਨਾ, ਚਰਨ ਕੰਵਲ ਨਿਧਿ ਧਾਤੀ ਬਣ ਜਾਂਦੀ ਹੈ। ਬਣਨੀ ਤਾਂ ਸੀ, ਜਦ ਇਸ ਰਸਨਾ ਦੁਆਰਾ ਨਾਮ ਦਾ ਸਿਮਰਨ ਕਰ ਕਰਕੇ ਨਾਮ ਅਭਿਆਸੀ ਨੂੰ ਨਾਮ ਸਿਮਰਨ ਦਾ ਪਹਿਲਾ ਪਰਤੱਖ ਤਜਰਬਾ :-

"ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪੁਨਾ
ਸੀਤਲ ਤਨੁ ਮਨੁ ਛਾਤੀ ॥"

ਵਾਲਾ ਆਣ ਹਡੀਂ ਵਰਤਦਾ ਹੈ ਅਰਥਾਤ ਨਾਮ ਦੀ ਕਮਾਈ ਦਾ ਸਫੁਟ ਅਤੇ ਪਰਫੁਲਤ ਹੋਣ ਦਾ ਪਹਿਲਾ ਸਗਨ ਏਹ ਹੁੰਦਾ ਹੈ ਕਿ ਨਾਮ ਸਿਮਰਨ ਕਮਾਈਆਂ ਵਾਲੇ ਦਾ ਤਨ, ਮਨ, ਜੀਉ ਹੀਅੜਾ ਅਤੇ ਛਾਤ ਸੀਨੜਾ ਸਭਿ ਸੀਤਲ ਹੋ ਜਾਂਦੇ ਹਨ। ਜਿਸ ਸੀਤਲਤਾ ਨੂੰ ਕੋਈ ਸੀਤਲਤਾ ਨਹੀਂ ਪੁਜ ਸਕਦੀ ।

"ਕਹਿਬੇ ਕਉ ਸੋਭਾ ਨਹੀਂ ਦੇਖਾ ਹੀ ਪਰਵਾਨੁ" ਹੈ ਅਤੇ ਇਸ ਸੀਤਲਤਾ ਦੀ ਸੁਖ ਸੰਪਟੀ ਮਉਜ ਭੀ ਅਕਥਨੀ ਹੈ। ਗਲ ਕੀ ਨਾਮ ਸਿਮਰਨ ਕਲਾ ਦੇ ਪਾਰਸ ਪਰਸੰਨੀ ਦਿਬ ਲਤੀਫੀ ਚਰਨ ਕੰਮਲਾਂ ਦੇ ਭਜਨ ਸੇਵਨ ਹਾਰੇ ਗੁਰਮੁਖਾਂ ਦੇ ਸੁਖ ਫਲ ਦੀ ਮਹਿਮਾ ਅਗਾਧ ਬੋਧ ਹੈ, ਜੈਸਾ ਕਿ ਭਾਈ ਸਾਹਿਬ ਭਾਈ ਗੁਰਦਾਸ ਜੀ ਦੇ ਹੇਠ ਲਿਖੇ ਕਬਿੱਤ ਭਲੀ ਪ੍ਰਕਾਰ ਨਿਰਮੂਲ ਕਰਦੇ ਹਨ :-

(੧) ਚਰਨ ਕਮਲ ਭਜਿ ਕਮਲ ਪ੍ਰਗਾਸ ਭਏ, ਦਰਸ ਸਮਦਰਸ ਦਿਖਾਏ ਹੈ ॥
ਸਬਦ ਦਰਸਿ ਸੁਰਤਿ ਅਨਹਦ ਲਿਵਲੀਨ ਭਏ,ਉਨਮ ਨ ਮਗਨ ਗਗਨ ਪੁਰ ਛਾਏਹੈ॥
ਪ੍ਰੇਮ ਰਸ ਬਸ ਹੋਇ ਬਿਸਮ ਬਿਦੇਹ ਭਏ, ਅਤਿ ਅਸਚਰਜ ਮੈ ਹੇਰਤ ਹਿਰਾਏ ਹੈ ॥



www.AKJ.Org

ਗੁਰਮੁਖਿ ਸੁਖ ਫਲ ਮਹਿਮਾ ਅਗਾਧ ਬੋਧ, ਅਕਥ ਕਥਾ ਬਿਨੋਦ ਕਹਿਤ ਨ ਆਏ ਹੈ ॥

(੨) ਚਰਨ ਕਮਲ ਮਕਰੰਦ ਰਸ ਲੁਭਤ ਹੁਇ, ਨਿਜ ਘਰ ਸਹਜ ਸਮਾਧ ਲਿਵ ਲਾਗੀ ਹੈ ॥
ਚਰਨ ਕਮਲ ਮਕਰੰਦ ਰਸ ਲੁਭਤ ਹੁਇ, ਗੁਰਮਤਿ ਰਿਦੇ ਦਗ ਮਗ ਜੋਤਿ ਜਾਗੀ ਹੈ ॥
ਚਰਨ ਕਮਲ ਮਕਰੰਦ ਰਸ ਲੁਭਤ ਹੁਇ, ਗੁਰਮਤਿ ਰਿਦੇ ਜਗ ਮਗ ਜੋਤਿ ਜਾਗੀ ਹੈ ॥
ਚਰਨ ਕਮਲ ਮਕਰੰਦ ਰਸ ਲੁਭਤ ਹੁਇ, ਅੰਮ੍ਰਿਤ ਨਿਧਾਨ ਪਾਨ ਦੁਰਮਤਿ ਭਾਗੀ ਹੈ ॥
ਚਰਨ ਕਮਲ ਮਕਰੰਦ ਰਸ ਲੁਭਤ ਹੁਇ,ਮਾਇਆ ਮੈ ਉਦਾਸ ਬਾਸ ਬਿਰਲੋ ਬੈਰਾਗੀ ਹੈ ॥

(੩) ਚਰਨ ਕਮਲ ਕੋ ਮਹਾਤਮ ਅਗਾਧ ਬੋਧ, ਅਤਿ ਅਸਚਰਜ ਸੈ ਨਮੋ ਨਮੋ ਨਾਮ ਹੈ ॥
ਕੋਮਲ ਕੋਮਲਤਾ ਅਉ ਸੀਤਲ ਸੀਤਲਤਾ ਕੈ,ਬਾਸਨਾ ਸੁਬਾਸ ਤਾਸ ਦੁਤੀਆ ਨ ਸਮ ਹੈ।
ਸਹਜ ਸਮਾਧ ਨਿਜ ਆਸਨ ਸਿੰਘਾਸਨ ਮੈ, ਸ੍ਵਾਦ ਬਿਸਮਾਦ ਰਸ ਗੰਮਯਤਾ ਅਗਮ ਹੈ ॥
ਰੂਪ ਕੈ ਅਨੂਪ ਰੂਪ ਮਨ ਮਨਸਾ ਥਕਤ, ਅਕਥ ਕਥਾ ਬਿਨੋਦ ਬਿਸਮੈ ਬਿਸਮ ਹੈ ॥"

(੪) ਚਰਨ ਕਮਲ ਮਕਰੰਦ ਰਸ ਲੁਭਤ ਹੁਇ, ਸਹਜ ਸਮਾਧ ਸੁਖ ਸਪਟ ਸਮਾਨੇ ਹੈ ॥
ਭੈਜਲ ਭਯਾਨਕ ਲਹਿਰ ਨ ਬਿਆਪ ਸਕੈ, ਦੁਬਿਧਾ ਨਿਵਾਰ ਏਕ ਟੇਕ ਠਹਿਰਾਨੇ ਹੈ ॥
ਦ੍ਰਿਸਟਿ ਸਬਦ ਸੁਰਤਿ ਬਰਜ ਬਿਸਰਜਤ, ਪ੍ਰੇਮ ਨੇਮ ਬਿਸਮ ਬਿਸ੍ਵਾਸ ਉਰਿਆਨੇ ਹੈ ॥
ਜੀਵਨ ਮੁਕਤ ਜਗ ਜੀਵਨ ਜੀਵਨ ਮੂਲ. ਆਪਾ ਖੋਇ ਹੋਇ ਅਪਰਪਰ ਪਰਾਨੇ ਹੈ ॥

ਕਿਰਤਮ ਨਾਮ ਤੋਂ ਨਿਰਾਲਮ ਤੇ ਨਿਖ ਲਸ ਗੁਰਮੰਤ੍ਰ (ਗੁਰਮਤਿ ਨਾਮ) ਦੇ ਜਪਣਹਾਰੇ ਗੁਰੂ ਨਾਨਕ ਸਾਹਿਬ ਦੇ ਦਰੋਂ ਘਰੋਂ ਵਰੋਸਾਏ ਗੁਰਮੁਖ ਸਿਖ ਸਦਾ ਚਰਨ ਕਮਲ ਸਰਨਾਈ ਰਹਿਣ ਦਾ ਫੈਜ਼ ਅਨੰਦ ਮਾਣਦੇ ਹਨ।

"ਚਰਨ ਕਮਲ ਨਾਨਕ ਸ਼ਰਨਾਈ ਰਾਮ ਨਾਮ
ਜਪਿ ਨਿਰਮਲ ਮੰਤ ॥" (ਬਿਲਾਵਲ ਮਹਲਾ ੫)

ਗੁਰੂ ਵਾਹਿਗੁਰੂ ਦੇ ਚਰਨ ਕੰਵਲਾਂ ਨੂੰ ਜਪਣਾ ਅਤੇ ਵਾਹਿਗੁਰੂ ਨਾਮ ਨੂੰ ਜਪਣਾ ਬਿਲਕੁਲ ਸਮਸਰ ਅਰਥ ਬਵਸਥਾ ਵਿਚ ਅਭੇਦ ਰੂਪ ਹੈ। ਜੈਸਾ ਕਿ ਇਸ ਅਗਲੇ ਗੁਰਵਾਕ ਵਿਚ ਵਿਦਮਾਨ ਹੈ :-

"ਉਦਮ ਕਰਤ ਆਨਦੁ ਭਈਆ ਸਿਮਰਤ ਸੁਖ ਸਾਰੁ ॥
ਜਪਿ ਜਪਿ ਨਾਮੁ ਗੋਬਿੰਦ ਕਾ ਪੂਰਨ ਬੀਚਾਰੁ ॥ ੧ ॥
ਚਰਨ ਕਮਲ ਗੁਰ ਕੇ ਜਪਤ ਹਰਿ ਜਪਿ ਹਉ ਜੀਵਾ ॥
ਪਾਰਬ੍ਰਹਮ ਆਰਾਧਤੇ ਮੁਖਿ ਅੰਮ੍ਰਿਤ ਪੀਵਾ ॥੧॥ ਰਹਾਉ ॥

(ਬਿਲਾਵਲ ਮਹਲਾ ੫)



www.AKJ.Org

ਭਾਵ-ਵਾਹਿਗੁਰੂ ਨਾਮ ਜਪਣ (ਸਿਮਰਨ ਕਰਨ) ਦੇ ਉਦਮ ਆਹਰ ਵਿਚ ਲਗਣਾ ਹੀ ਅਨੰਦ ਉਤਸ਼ਾਹ ਮਈ ਹੈ, ਅਤੇ ਨਾਮ ਦੇ ਖਾਸ ਸਿਮਰਨ ਜਾਪ ਵਿਚ ਜੁਟਣਾ ਤਾਂ ਤਤ ਸਾਰ ਸੁਖ ਸੁਖਾਂ ਸਿਰ ਸਾਰ ਸੁਖੁ ਉਜਪਾਇਕ ਪਾਰਸ ਰਸਾਇਣ ਹੈ । ਗੋਬਿੰਦ ਵਾਹਿਗੁਰੂ ਦਾ ਨਾਮ ਜਪ ਕੇ ਹੀ ਪੂਰਨ ਤਤ ਗੁਰਮਤ ਵੀਚਾਰ ਦੀ ਸੋਝੀ ਪੈਂਦੀ ਹੈ । ਨਾਮ ਜਪਣਾ ਹੀ ਤਤ ਵੀਚਾਰ, ਵੀਚਾਰਾਂ ਸਿਰ ਵੀਚਾਰ, ਸਿਰੋਮਣੀ ਵੀਚਾਰ ਹੈ ।

"ਸਤਿਗੁਰੂ ਬਚਨ ਕਮਾਵਣੇ ਸਚਾ ਏਹੁ ਵੀਚਾਰੁ ॥"

ਗੁਰਵਾਕ ਦੇ ਭਾਵ ਅਨੁਸਾਰ ਭੀ ਏਹੋ ਸਿਧ ਹੁੰਦਾ ਹੈ ਕਿ ਸਤਿਗੁਰ ਦੇ ਬਚਨਾਂ ਦਾ ਕਮਾਵਣਾ ਹੀ ਸੱਚਾ ਵੀਚਾਰੁ ਹੈ ਅਤੇ ਸਤਿਗੁਰ ਦੇ ਬਚਨ ਦਾ ਕਮਾਵਣਾ ਨਾਮ ਅਭਿਆਸ ਕਮਾਈ ਕਰਨਾ ਹੀ ਹੈ । ਵਾਹਿਗੁਰੂ ਰੂਪ ਗੁਰੂ ਦੇ ਚਰਨ ਕੰਵਲਾਂ ਦਾ ਜਪਣਾ ਅਤੇ ਵਾਹਿਗੁਰੂ ਨਾਮ ਦਾ ਜਪਣਾ ਇਕ ਹੀ ਗਲ ਹੈ । ਤਾਂ ਹੀ ਤੇ ਵਾਹਿਗੁਰੂ ਮੂਰਤਿ ਸਤਿਗੁਰੂ ਦੇ ਚਰਨ ਕੰਵਲਾਂ ਦੇ ਭਉਰੇ ਅਤੇ ਵਾਹਿਗੁਰੂ ਨਾਮ ਦੇ ਜਾਪ ਦੇ ਮੁਸ਼ਤਾਕ ਸ਼ੈਦਾਈ ਚਰਨ ਕੰਵਲਾਂ ਨੂੰ ਜਪ ਜਪ ਕੇ ਭਾਵ ਵਾਹਿਗੁਰੂ ਨਾਮ ਨੂੰ ਜਪ ਜਪ ਕੇ ਹੀ, ਜੀਉਂਦੇ ਹਨ । ਚਰਨ ਕੰਵਲਾਂ ਦਾ ਇਸ਼ਕ ਸ਼ਿਕੰਜਨੀ ਧਿਆਨ ਚਰਨ ਕੰਵਲੀਸ਼ਰ ਵਾਹਿਗੁਰੂ ਨਾਮ ਯਾ ਵਾਹਿਗੁਰੂ ਨੂੰ ਆਰਾਧਨ ਦੇ ਸਦਰਸ ਹੈ । ਤਾਂ ਹੀ ਤੇ ਉਪਰਲੇ ਗੁਰਵਾਕ ਅੰਦਰਿ "ਚਰਨ ਕਮਲ ਗੁਰ ਕੇ ਜਪਤ ਹਰਿ ਜਪਿ ਹਉ ਜੀਵਾ ॥' ਵਾਲੀ ਤੁਕ ਦੇ ਨਾਲ ਲਗਦੀ ਹੀ ਏਹ ਤੁਕ ਉਚਰਣਤ ਹੈ- "ਪਾਰਬ੍ਰਹਮੁ ਆਰਾਧਤੇ ਮੁਖਿ ਅੰਮ੍ਰਿਤੁ ਪੀਵਾ ॥

ਪਾਰਬ੍ਰਹਮ ਪਰਮੇਸ਼ਰ ਵਾਹਿਗੁਰੂ ਨੂੰ ਆਰਾਧਨ ਕਰਕੇ ਭੀ ਮੁਖਿ ਅੰਮ੍ਰਿਤ ਰਸ ਗਟਾਕਾਂ ਨੂੰ ਪੀਆਵਨ ਚਖਾਵਨਹਾਰਾ ਹੈ, ਜੈਸਾ ਕਿ ਪਿਛੇ ਸਿਧ ਹੋ ਚੁਕਾ ਹੈ, ਤਾਂ ਤੇ ਦੋਹਾਂ ਅਰਾਧਨੀਯ ਪਦਾਰਥਾਂ ਦਾ ਪਰਮਾਰਥ ਇਕੋ ਹੀ ਹੈ । ਏਹ ਸਭ ਅੰਮ੍ਰਿਤ ਨਾਮ ਦੀਆਂ ਪਾਰਸ ਕਮਾਈਆਂ ਦੇ ਹੀ ਜ਼ਹੂਰ ਚਮਤਕਾਰੇ ਹਨ ।

ਗੁਣੀ ਗੁਣਤਾਸ ਵਾਹਿਗੁਰੂ ਅਕਾਲ ਪੁਰਖ ਦੇ ਚਰਨ ਕੰਵਲਾਂ ਦੀ ਟੇਕ, ਨਾਭ ਸੁਆਸ ਟਕਨੀ ਟੇਕ, ਹੀਰੇ ਹੀਰ ਬਿਧਨੀ ਟੇਕ, ਰਸ-ਜੋਤਿ ਜੋਤੰਨੀ ਟੇਕ, ਰਸ ਲਿਵਨ ਖਿਵੰਨੀ ਟੇਕ, ਲਿਵ ਖਿਵੰਨ ਬਿਸਮੰਨੀ ਟੇਕ, ਨਾਮ ਸਿਮਰਨ ਅਤੇ ਕੀਰਤਨ ਦੇ ਲਾਹੇ ਹੋਰੋ ਹੋਰ ਲਾਹੇ ਲੈਣ ਲਈ ਤੇ ਲੈਂਦੇ ਰਹਿਣ ਲਈ ਖਿਨ ਖਿਨ ਉਮਾਹੇ ਉਪਜਾਉਂਦੀ ਹੈ । ਸੋਈ ਭਾਵ ਇੰਨ ਬਿੰਨ ਏਹ ਗੁਰਵਾਕ ਨਿਰੂਪਨ ਕਰਾਉਂਦੀ ਹੈ :-

"ਚਰਨ ਕਮਲ ਕਾ ਆਸਰਾ ਪ੍ਰਭ ਪੁਰਖ ਗੁਣਤਾਸ ॥
ਕੀਰਤਨ ਨਾਮੁ ਸਿਮਰਤ ਰਹਉ ਜਬ ਲਗੁ ਘਟਿ ਸਾਸੁ ॥'

(ਬਿਲਾਵਲ ਮਹਲਾ ੫)

ਤਾਂ ਤੇ ਜਬ ਲਗ ਘਟ ਅੰਤਰਿ ਸੁਆਸ ਵਗਦੇ ਹਨ, ਚਰਨ ਕੰਵਲਾਂ ਦੇ ਮਉਜ ਮਸਤ ਭੌਰੇ ਕੀਰਤਨ ਰੰਗਾਂ ਅਤੇ ਨਾਮ ਅਭਿਆਸ ਤ੍ਰੰਗਾਂ ਦੇ ਵਜਦ ਵਿਚ ਹੀ ਮਸਤਾਨੇ ਰਹਿੰਦੇ ਹਨ । ਚਰਨ ਕੰਵਲਾਂ ਦੀ ਦਰਸ ਲੀਨਤਾ



www.AKJ.Org

ਵਿਚ ਮਗਨ ਹੋ ਕੇ ਜੋਰੋ ਜੋਰ ਕੀਰਤਨ ਅਭਿਆਸ ਦਾ ਖੰਡਾ ਖੜਕਾਉਂਦੇ ਹਨ ਅਤੇ ਇਕ ਸੁਆਸ ਭੀ ਬਿਰਥਾ ਨਹੀਂ ਜਾਣ ਦਿੰਦੇ।ਦੇਖੋ ਅਗਲਾ ਗੁਰਵਾਕ ਚਰਨ ਕੰਵਲਾਂ ਨੂੰਰਿਦੇ ਧਿਆਉਂਣਦੀ ਗਤਿ ਮੀਤ ਨੂੰ ਕੇਸਾ ਦ੍ਰਿੜਾਉਂਦਾਹੈ:

ਬਿਲਾਵਲ ਮਹਲਾ ੫

"ਚਰਨ ਕਮਲ ਪ੍ਰਭ ਹਿਰਦੈ ਧਿਆਏ ॥ ਰੋਗ ਗਏ ਸਗਲੇ ਸੁਖ ਪਾਏ ॥੧॥
ਗੁਰਿ ਦੁਖੁ ਕਾਟਿਆ ਦੀਨੋ ਦਾਨੁ ॥ ਸਫਲ ਜਨਮੁ ਪਰਵਾਨੁ ॥੧॥ ਰਹਾਉ।
ਅਕਥ ਕਥਾ ਅੰਮ੍ਰਿਤ ਪ੍ਰਭ ਬਾਨੀ ॥ ਕਹੁ ਨਾਨਕ ਜਪਿ ਜੀਵੇ ਗਿਆਨੀ ॥"

ਇਸ ਗੁਰਵਾਕ ਦੇ ਭਾਵ ਤੋਂ ਏਹ ਗੁਰਮਤਿ ਗੂੜ੍ਹ ਭੇਦ ਖੁਲਦੇ ਹਨ ਨਾਮ ਸਿਮਰਨ ਦੀ ਪਾਰਸ ਚੁੰਬੁਕੀ ਕ੍ਰਿਸ਼ਮ ਕਮਾਈ ਕਰ ਹਿਰਦੇ ਪ੍ਰਗਟਾਏ, ਹਿਰਦੇ ਰਸ ਰਸਾਏ, ਹਿਰਦੇ ਜੋਤ ਜਗਨਾਏ ਚਰਨ ਕੰਵਲਾਂ ਦਾ ਧਿਆਨ ਆਰਾਧਨ ਕਰਨਾ ਅਗਲੇ ਰੋਗਾਂ ਦਾ ਬਿਨਾਸਨ, ਹਾਰਾ ਅਤੇ ਸਮੂਹ ਸੁਖਾਂ ਦਾ ਪ੍ਰਕਾਸ਼ਨ ਹਾਰਾ ਹੈ । ਗੁਰੂ ਸਾਹਿਬ ਨੇ ਅਪਾਰ ਕਿਰਪਾ ਧਾਰੀ ਹੈ ਕਿ ਆਪਣੇ ਗੁਰਸਿਖ ਸੇਵਕ ਪਿਆਰਿਆਂ ਅਭਿਆਸੀ ਜਨਾਂ ਨੂੰ ਨਾਮ ਸਿਮਰਨ ਦੇ ਦਾਨ, ਚਰਨ ਕੰਵਲਾਂ ਦੇ ਧਿਆਨ ਦੀ ਦਾਤ ਬਖਸ਼ੀ ਹੈ ਜਿਸ ਦਾਨ ਦਾਤਾਰਨੀ ਬਖਸ਼ਿਸ਼ ਦੁਆਰਾ ਗੁਰੂ ਸਾਹਿਬ ਨੇ ਆਪਣੇ ਸਿਖਾਂ ਦਾ ਜਨਮ ਮਰਨ ਦਾ ਦੁਖ ਕਟ ਦਿਤਾ ਹੈ ਅਤੇ ਇਸ ਦਾਤ ਕਰਕੇ ਉਹਨਾਂ ਦਾ ਜੀਵਨ ਸਫਲਾ ਹੋ ਗਿਆ ਹੈ ਅਤੇ ਹਰ ਦਰਗਾਹ ਪਰਵਾਨ ਪਿਆ ਹੈ ।

## ੭. ਗੁਰਬਾਣੀ ਦੀ ਅਕਥ ਕਥਾ

ਧੁਰੋਂ ਆਈ ਗੁਰਬਾਣੀ ਦੀ ਕਥਾ ਅਕਥ ਹੈ, ਜੋ ਗੁਰੂ ਨਾਨਕ ਸ਼ਾਹਿਬ ਦੇ ਘਰ ਤੱਤ ਦੇ ਗਿਆਨੀ ਖਾਸ ਗੁਰਮਤਿ ਗਿਯਾਨੀ ਹਨ, ਓਹ ਇਸ ਅੰਮ੍ਰਿਤ ਰੂਪ ਗੁਰਬਾਣੀ ਨੂੰ ਜਪ ਜਪ ਕੇ ਹੀ ਜੀਂਵਦੇ ਹਨ । ਗੁਰਬਾਣੀ ਨੂੰ ਜਪਣਾ ਜਪੀ ਜਾਵਣਾ ਇਸ ਜੀਵਨ ਅਧਾਰ ਅਮ੍ਰਿਤ ਬਾਣੀ ਦਾ ਪਾਠ ਕਰਨਾ ਅਤੇ ਪ੍ਰੇਮ ਪਾਠ ਕਰੀ ਜਾਵਣਾ ਹੀ ਗੁਰਬਾਣੀ ਦੀ ਅਕਥ ਕਥਾ ਹੈ । ਅਕਥ ਕਥਾ ਸੋ, ਜੋ ਕਥਨੀ ਬਦਨੀ ਵਿਚ ਨਾ ਆ ਸਕੇ, ਕੇਵਲ ਜਪੀ ਪਠੀ ਹੀ ਪਰਵਾਨ ਹੋਵੇ । ਅੰਮ੍ਰਿਤ ਰੂਪ ਗੁਰਬਾਣੀ ਦਾ ਜਪਨਾ ਪਠਣਾ ਹੀ ਪਾਰਸ ਕਲਾ ਸੰਪੰਨ ਹੈ ।

## ੮, ਗੁਰਮਤਿ ਗਿਯਾਨੀ

ਗੁਰਮਤਿ ਗਯਾਨੀ ਓਹੀ ਹਨ ਜੋ ਪਿਛੇ ਦਿਤੇ ਸਬਦ ਬਿਲਾਵਲ ਮਹਲਾ ੫ ਦੀ ਪਿਛਲੀ ਤੁਕ "ਕਹੁ ਨਾਨਕ ਜਪੁ ਜੀਵੇ ਗਿਆਨੀ" ਅਨੁਸਾਰ ਅੰਮ੍ਰਿਤ ਰੂਪ ਗੁਰਬਾਣੀ ਨੂੰ ਜਪਿ ਜਪਿ ਕੇਵਲ ਜਪਿ ਜਪਿ (ਪਾਠ ਕਰਿ ਕਰਿ) ਹੀ ਜੀਵਦੇ ਹਨ ਅਤੇ ਚਰਨ ਕਵਲਾਂ ਦੇ ਰਸੀਲੇ ਥੀਵੰਦੇ ਹਨ ।



www.AKJ.Org

ਅਗਲੇ ਗੁਰਵਾਕ ਦੁਆਰਾ ਗੁਰੂ ਸਾਹਿਬ ਫੇਰ ਓਹੀ ਗੁਰਮਤਿ ਆਸ਼ਾ ਦ੍ਰਿੜਾਉਂਦੇ ਹਨ ਕਿ ਪਲ ਪਲ: ਨਿਮਖ ਨਿਮਖ, ਸਾਸਿ ਸਾਸਿ, ਵਾਹਿਗੁਰੂ ਨਾਮ ਦਾ ਜਪਣਾ, ਵਾਹਿਗੁਰੂ ਦੇ ਚਰਨ ਕੰਵਲਾਂ ਦਾ ਰਿਦੰਤਰ ਧਿਆਵਣਾ ਹੈ। ਯਥਾ ਗੁਰਵਾਕ :—

"ਕਵਨ ਸੰਜੋਗ ਮਿਲਾਉ ਪ੍ਰਭ ਅਪਨੇ ॥ ਪਲੁ ਪਲੁ ਨਿਮਖ ਸਦਾ ਹਰਿ ਜਪਨੇ ॥ ੧ ॥ ਚਰਨ ਕਮਲ ਪ੍ਰਭ ਕੇ ਨਿਤ ਧਿਆਵਉ ॥ ਕਵਨ ਸੁਮਤਿ ਜਿਤੁ ਪ੍ਰੀਤਮ ਪਾਵਉ ॥ ੧ ॥ ਐਸੀ ਕਿਰਪਾ ਕਰਹੁ ਪ੍ਰਭ ਮੇਰੇ ॥ ਹਰਿ ਨਾਨਕ ਬਿਸਰੁ ਨਾ ਕਾਹੂੰ ਬੇਰੇ

(ਬਿਲਾਵਲ ਮਹਲਾ ੫)

ਪ੍ਰੀਤਮ ਵਾਹਿਗੁਰੂ ਦੇ ਪਾਵਨ ਨੂੰ ਗੁਰਮਤਿ ਮਤਿ ਸੁਮਤੜੀ ਏਹੀ ਹੈ ਕਿ ਉਸਦੇ ਨਾਮ ਨੂੰ ਕਿਸੇ ਵਕਤ ਭੀ ਵਿਸਾਰਿਆ ਨਾ ਜਾਵੇ ਅਤੇ ਇਕੋ ਨਾਮ ਪ੍ਰਭੂਤੀ ਚਰਨ ਕੰਵਲਾਂ ਦਾ ਧਿਆਨ ਸਿਮਰਨ ਸੁਆਸਿ ਸੁਆਸਿ ਕੀਤਾ ਜਾਵੇ ਖਿਨ ਪਲ ਘੜੀ ਮੁਰਤ ਚਸਾ ਭੀ ਵਿਸਾਹ ਨ ਕੀਤਾ ਜਾਵੇ ਅਤੇ ਐਸੀ ਕਿਰਤਾ ਦਾ ਪਾਤਰ ਹੋਣ ਲਈ ਬਿਨੈ ਅਰਦਾਸ ਕਰਨ ਦਾ ਸਭਾਉ ਭੀ ਪਕਾਇਆ ਜਾਵੇ । ਇਸ ਬਿਧ ਕੀਤੀਆਂ ਅਰਦਾਸਾਂ ਬੇਨਤੀਆਂ ਦੁਆਰਾ ਜਦ ਨਾਮ ਅਭਿਆਸ ਪਕ ਜਾਵੇ ਅਤੇ ਵਾਹਿਗੁਰੂ ਦੇ ਚਰਨ ਕਵਲ ਆਪਣੇ ਜੋਤਿ ਸਰੂਪੀ ਜਮਾਲ ਵਿਚ ਜਿਸ ਵਡਭਾਗੇ ਗੁਰਮੁਖ ਜਨ ਦੇ ਹਿਰਦੇ ਅੰਦਰ ਆ ਉਤਰਨਿ ਅਤੇ ਵਿਚ ਵਸ ਜਾਣ ਤਾਂ ਓਹ ਜਨ ਫੇਰ ਕਦੇ ਨਹੀਂ ਡੋਲਦਾ ਸਦ ਸਦਾ ਨਾਮ ਅਭਿਆਸ ਦੁਆਰਾ ਸਹਿਜ ਸਹਿਜ ਇਕ ਰਸ ਵਾਹਿਗੁਰੂ ਜਸ ਉਚਰਦਾ ਹੋਇਆ ਨਾਮ ਵਿਚ ਲਿਵ ਲੀਨ ਰਹਿੰਦਾ ਹੈ। ਉਸ ਨੂੰ ਨੌ ਨਿਧੀਆਂ ਦੇ ਸਾਰੇ ਸੁਖ ਆਣ ਪਰਾਪਤ ਹੁੰਦੇ ਹਨ। ਯਥਾ ਗੁਰਵਾਕ :—

"ਚਰਨ ਕਮਲ ਜਾਕੈ ਰਿਦੇ ਬਸਹਿ ਸੋ ਜਨੁ ਕਿਉਂ ਡਲੈ ਦੇਵ ॥ ਮਾਨੋ ਸਭ ਸੁਖ ਨਉ ਨਿਧਿ ਤਾਕੈ ਸਹਿਜ ਸਹਿਜ ਜਸੁ ਬੋਲੈ ਦੇਵ ॥"

(ਬਿਲਾਵਲ ਕਬੀਰ)



www.AKJ.Org

# ਸਮਾਗਮ ਹੋਲਾ ਮਹਲਾ

ਸਮੂਹ ਸੰਗਤਾਂ ਦੀ ਸੇਵਾ ਵਿਚ ਸੂਚਨਾ ਦਿਤੀ ਜਾਂਦੀ ਹੈ ਕਿ ਪਿਛਲੇ ਸਾਲ ਦੀ ਤਰਾ ਇਸ ਸਾਲ ਵੀ ਹੋਲੇ ਮਹੱਲੇ ਦਾ ਸਮਗਮ 17. 3. 73 ਤੋਂ 20. 3. 73 ਤਕ ਸ੍ਰੀ ਅਨੰਦਪੁਰ ਸਾਹਿਬ ਹੀ ਹੋਵੇਗਾ ॥ ਵੇਰਵੇ ਸਾਹਿਤ ਪ੍ਰੋਗਰਾਮ ਅਗਲੇ ਮਹੀਨੇ ਦੇ ਪਰਚੇ ਵਿਚ ਛਾਪਿਆ ਜਾਵੇ ਗਾ ਜੀ। ਸਨਿਮਰ ਬਿਨੈ ਹੈ ਕਿ ਏਹਨਾਂ ਤਰੀਕਾਂ ਵਿਚ ਹੋਰ ਕਿਧਰੇ ਲੋਕਲ ਸਮਾਗਮ ਨਾ ਰਖਿਆ ਜਾਵੇ ਜੀ।

ਦਾਸਰਾ

ਹਰਚਰਨ ਸਿੰਘ, ਚੰਡੀਗੜ੍ਹ।

# ਰਈਏ ਵਿਖੇ ਰੈਣ ਸਬਾਈ ਸਮਾਗਮ

17-18 ਫਰਵਰੀ ਦੀਂ ਰਾਤ ਨੂੰ

ਸਤਿਗੁਰੂ ਸਚੇ ਪਾਤਸ਼ਾਹ ਦੀ ਕ੍ਰਿਪਾ ਦਾ ਸਦਕਾ ਰਈਏ ਵਿਖੇ 17-18 ਫਰਵਰੀ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਾ ਨੀਅਤ ਹੋਇਆ ਹੈ। ਸਰਬਤ ਸੰਗਤਾਂ (ਖਾਸ ਕਰ ਅੰਮ੍ਰਿਤਸਰ, ਗੁਰਦਾਸਪੁਰ ਤੇ ਜਲੰਧਰ) ਦੀਆਂ ਚਰਨਾਂ ਵਿਚ ਸ਼ਨਿਮਰ ਬੇਨਤੀ ਹੈ ਕਿ ਦਰਸ਼ਨ ਦੇਣ ਤੇ ਦਿਲਾਈ ਬਾਣੀ ਦੇ ਕੀਰਤਨ ਦੇ ਲਾਹੇ ਲੈਣ।

ਪ੍ਰਾਰਥਕ—

ਸੰਗਤ ਰਈਆ



www.AKJ.Org

# ਜ਼ਰੂਰੀ ਬੇਨਤੀਆਂ

ਗੁਰਬਾਣੀ ਦੀਆਂ ਪੋਥੀਆਂ ਤੇ ਹਥ ਲਿਖਤ ਗੁਰਬਾਣੀ ਦੀਆਂ ਨੋਟ ਬੁਕਾਂ ਦਾ ਸਤਿਕਾਰ ਕਰੋ ਜੀ। ਪੋਥੀ ਪਰਮੇਸ਼ਰ ਕਾ ਥਾਨ ਹੈ। ਏਨ੍ਹਾਂ ਨੂੰ ਕਪੜੇ ਵਿਚ ਲਪੇਟ ਕੇ ਯੋਗ ਅਸਥਾਨ ਤੇ ਰਖੋ ਜੀ। ਪੋਥੀਆਂ ਨੂੰ ਜੂਠੇ ਹਥ ਲਾਉਣੇ ਪਾਪ ਹੈ। ਕੀਰਤਨ ਸਮੇਂ ਸਤਿਕਾਰ ਨਾਲ ਕਪੜਾ ਵਛਾ ਕੇ ਚੌਂਕੀ ਤੇ ਯਾ ਰੇਹਲ ਤੇ ਰਖੋ। ਵਾਜੇ ਤੇ ਵੀ ਕਪੜਾ ਵਛਾ ਕੇ ਉਪਰ ਪੋਥੀ ਰਖਣੀ ਯੋਗ ਹੈ। ਗੁਰਬਾਣੀ ਦੀਆਂ ਪੋਥੀਂਆਂ ਚੌਂਕੜੀ ਮਾਰ ਕੇ ਪੈਰਾਂ ਤੇ ਰਖਣੀਆਂ ਯਾ ਫਰਸ਼ ਤੇ ਰਖਣੀਆਂ ਬਾਣੀ ਦੀ ਨਿਰਾਦਰੀ ਤੇ ਪਾਪ ਹੈ।

2. ਸਿੰਘਾਂ ਤੇ ਸਿਘਣੀਆਂ ਲਈ ਨੜੀ ਮਾਰ (ਤਮਾਕੂ ਵਰਤਨ ਵਾਲਾ) ਦੇ ਹਥਾਂ ਦਾ ਤੇ ਬੇ-ਅਮਰਤੀਏ ਦੀ ਜੂਠ ਖਾਣੀ ਮਨਾ ਹੈ। ਇਸ ਲਈ ਦੁਕਾਨਾਂ ਤੋਂ, ਤੇ ਪਾਰਟੀਆਂ ਅਤੇ ਵਿਆਹ ਸ਼ਾਦੀਆਂ ਦਾ ਤੇ ਬਿਲਕੁਲ ਨਾ ਛਕੋ ਜੀ।

3. ਸਿਨਮੇ ਦੇਖਣੇ ਰੇਡੀਓ ਤੇ ਗਾਨੇ ਸੁਣਕੇ ਭੈੜੀਆਂ ਕਤਾਬਾਂ ਪੜਨੀਆਂ ਯੋਗ ਨਹੀਂ। ਇਹ ਸਭ ਮਨ ਨੂੰ ਵਿਕਾਰਾਂ ਵਲ ਪ੍ਰੇਰਦੀਆਂ ਹਨ।



www.AKJ.Org

# AUTOBIOGRAPHY

OF

# Bhai Sahib Randhir Singh Ji

Translated with introductory thesis

BY

## Dr. Trilochan Singh

ਡਾ: ਏ. ਸੀ. ਬੈਨਰਜੀ ਸਿਖ ਇਤਿਹਾਸ ਤੇ ਰਾਜਪੂਤਾਨਾ ਦੇ ਇਤਿਹਾਸ ਦੇ ਚੋਟੀ ਦੇ ਵਿਦਵਾਨ ਹਨ । ਇਹ ਕਲਕਤਾ ਜੂਨੀਵਰਸਟੀ ਦੇ ਪ੍ਰੋ: ਵਾਇਸਚਾਂਸਲਰ ਰਹੇ ਹਨ । ਅਜ ਕਲ ਯਾਦਵਪੁਰ ਯੂਨੀਵਰਸਟੀ ਵਿਚ ਸਿਖ ਇਤਿਹਾਸ ਤੇ ਕਲਚਰ ਦੇ ਪ੍ਰੋਫੈਸਰ ਹਨ । ਇਸ ਪੁਸਤਕ ਨੂੰ ਪੜ੍ਹ ਕੇ ਉਹ ਲਿਖਦੇ ਹਨ ।

I had heard of Bhai Sahib Randhir Singh in connection with the history of the revolutionary movement, but I never knew that he was a God-intoxicated man. The book cast a spell on me. I read it continuously for two days and shall read it again. It shows how Sikhism remains a living and active religious force even in the 20th century. A community which can produce such a man can give our country and the world new values and ideals."

**(Dr. A. C. Banerjee)**
Jadavpur University
Calcutta

| | |
|---|---|
| Excellent get up | Price Rs. 20 |
| Demy Octave | Shillings. 35 |
| 448+70 Pages | Dollars. 5 |

Reasonable discount will be given to Book sellers

**BHAI SAHIB RANDHIR SINGH PUBLISHING HOUSE**
126 MODEL TOWN, LUDHIANA—2
PUNJAB (India)



www.AKJ.Org

# ਜੈ ਜੈ ਜਗ ਕਰੇ

(ਸ: ਸੇਵਾ ਸਿੰਘ 'ਸਵੇਕ' ਤਰਨ ਤਾਰਨ)

ਅਰਸ਼ੋਂ ਉਤਰਿਆ ਨੂਰ, ਰੱਬੀ ਜੋਤਿ ਦਾ। ਮਾਤ ਹੋਇਆ ਕੋਹਤੂਰ, ਰੋਸ਼ਨ ਮਾਤ ਲੋਕ।
ਟਿਕਿਆਆਇ ਹਜ਼ੂਰ,ਗੁਰੂਹਰਿਕ੍ਰਿਸ਼ਨਵਿਚ ਹੋਈ ਸ਼ਾਂਤ ਠਰੂਰ, ਸੜਦੀ ਪ੍ਰਿਥਵੀ।
ਛੋਟੀ ਉਮਰ ਜ਼ਰੂਰ ਸੀ ਹਜ਼ੂਰ ਦੀ। ਰੱਬੀ ਗੁਣ ਭਰਪੂਰ ਐਪਰ ਸਿਖਰ ਦੇ।
ਆਵੇ ਪਿਆ ਸਰੂਰ ਦਰਸ਼ਨ ਕੀਤਿਆਂ, ਹਉਮੈ ਚਿਕਨਾਚੂਰ ਹੋਂਦੀ ਸੇਵਕਾਂ।
ਮਾਤ ਪਵੇ ਚੰਦ ਸੂਰ ਸਾਹਵੇਂ ਜੋਤ ਦੇ, ਕਿਲ ਵਿਖ ਹੋਵਨ ਚੂਰ ਚਰਨੀਂ ਲਗਿਆਂ।
ਦੁਖ ਦਲਿਦਰ ਦੂਰ ਸ਼ਰਨੀ ਢਹਿੰਦਿਆਂ, ਔਰੰਗਾ ਮਸ਼ਹੂਰ ਜ਼ਾਲਮ ਪਾਤਸ਼ਾਹ।
ਆਫਰਿਆਂ ਨਾਲ ਗ਼ਰੂਰ ਆਕੜ੍ਹਖਾਨ ਉਹ, ਉਡਿਆ ਵਾਂਗ ਕਾਫੂਰ ਸ਼ਾਹੀ ਮਰਤਬਾ।
ਓੜਕ ਮਰਦਾ ਝੂਰ ਨਿੰਦਾ ਜੋ ਕਰੇ, ਗੁਰ ਹਰਿ ਕ੍ਰਿਸ਼ਨ ਹਜ਼ੂਰ ਜੈ ਜੈ ਜਗ ਕਰੇ।



www.AKJ.Org

# ☬ ਗੁਰਬਾਣੀ ਬੋਧ ☬

ਪ੍ਰੋ :- ਗੁਰਮੁਖ ਸਿੰਘ, ਕਪੂਰਥਲਾ ।

ਚਿਰਾਂ ਤੋਂ ਸਿਖ ਪੰਥ ਵਿਚ ਇਹ ਘਾਟ ਮਹਿਸੂਸ ਕੀਤੀ ਜਾ ਰਹੀ ਹੈ ਕਿ ਗੁਰਬਾਣੀ ਦਾ ਸ਼ੁਧ ਪਾਠ ਬਹੁਤੇ ਲੋਕ ਨਹੀਂ ਕਰ ਸਕਦੇ । ਜਿਸ ਸਰੂਪ ਵਿਚ ਗੁਰਬਾਣੀ ਨੂੰ ਗੁਰੂ ਪਦਵੀ ਮਿਲੀ ਸੀ ਉਸ ਨੂੰ ਸ਼ੁਧ ਪਾਠ ਕਰਨ ਹਿਤ ਨਿਖੇੜਿਆ ਗਿਆ । ਪਦ ਛੇਦ ਬੀੜਾਂ ਤਿਆਰ ਹੋਈਆਂ । ਪਰ ਪਾਠ ਅਜੇ ਭੀ ਸ਼ੁਧ ਨਹੀਂ ਹੋ ਸਕਿਆ । ਇਹਨਾਂ ਬੀੜਾਂ ਵਿਚ ਭੀ ਬਹੁਤ ਸਾਰੀਆਂ ਛਾਪੇ ਦੀਆਂ ਗਲਤੀਆਂ ਤੋਂ ਛੁਟ ਅਜਿਹੀਆਂ ਗਲਤੀਆਂ ਭੀ ਹਨ ਜੋ ਪਾਠ ਨਿਖੇੜਨ ਵੇਲੇ ਕੀਤੀਆਂ ਗਈਆਂ । ਗੁਰਬਾਣੀ ਵਿਚ ਵਰਤੇ ਗਏ ਲਗਾਂ ਮਾਤਾ ਦਾ ਭੀ ਆਪਣਾ ਹਿਸਾਬ ਹੈ । ਇਸ ਨੂੰ ਸਮਝਣਾ ਅਤਿ ਜ਼ਰੂਰੀ ਹੈ । ਇਸ ਤੋਂ ਬਿਨਾਂ ਸ਼ੁਧ ਪਾਠ ਕਰਨਾ ਮੁਮਕਿਨ ਨਹੀਂ ।

ਕੁਝ ਕੁ ਲੇਖਾਂ ਵਿਚ ਮੋਟੀਆਂ ਮੋਟੀਆਂ ਗਲਾਂ ਦਸੀਆਂ ਜਾਣ ਗੀਆਂ । ਜਿਸ ਨਾਲ ਬਾਣੀ ਪੜਨ ਵਿਚ ਪਾਠਕਾਂ ਨੂੰ ਸਹੂਲਤ ਹੋਵੇਗੀ । ਸਭ ਤੋਂ ਪਹਿਲਾਂ ਅਸਥਾਨ ਬਿਸਰਾਮ ਦਾ ਹੈ (Punctuation) । ਬਾਣੀ ਕਵਿਤਾ ਰੂਪ ਵਿਚ ਹੈ ਇਸ ਲਈ ਵਾਰਤਾ ਦੇ ਸਾਰੇ ਬਿਸਰਾਮ ਚਿੰਨ ਤਾਂ ਨਹੀ ਵਰਤੇ ਗਏ ਪਰ ਪਾਠਕ ਜਨ, ਪਾਠ ਕਰਦਿਆਂ ਇਹ ਜ਼ਰੂਰ ਅਨੁਭਵ ਕਰਨਗੇ ਕਿ ਵਡੀ ਤੁਕ ਵਿਚ ਸਾਹ ਲੈਣ ਲਈ ਰੁਕਣਾ ਪੈਂਦਾ ਹੈ, ਜਾਂ ਅਰਥ ਵਧੇਰੇ ਸਪਸ਼ਟ ਕਰਨ ਲਈ ਤੁਕ ਨੂੰ ਦੋ ਜਾਂ ਦੋ ਤੋਂ ਵਧ ਭਾਗਾਂ ਇਚ ਠਹਿਰਾ ਦੇ ਕੇ ਪੜੀਦਾਂ ਹੈ । ਇਹ ਠਹਿਰਾ ਬਹੁਤ ਲਾਜ਼ਮੀ ਹੈ । ਜੇ ਠਹਿਰਾ ਗਲਤ ਦਿਤਾ ਜਾਏ ਤਾਂ ਅਰਥ ਦੇ ਅਨਰਥ ਹੋ ਜਾਂਦੇ ਹਨ ।

ਹੇਠਾਂ ਕੁਝ ਕੁ ਤੁਕਾਂ ਪਾਠਕਾਂ ਦੀ ਗਿਆਤ ਲਈ ਦਿਤੀਆਂ ਜਾਂਦੀਆਂ ਹਨ ।

1. ਇਛਾ ਪੂਰਕ ਸਰਬ ਸੁਖ ਦਾਤਾ ਹਰਿ ਜਾ ਕੈ ਵਸਿ ਹੈ ਕਾਮ ਧੇਨਾ ॥

ਇਸ ਤੁਕ ਵਿਚ ਬਿਸਰਾਮ ਕਿਥੇ ਹੈ ? ਦਾਤਾ ਤੇ ਜਾ ਹਰਿ ਤੇ ? ਬਹੁਤੇ ਪ੍ਰੇਮੀ ਬਿਸਰਾਮ ਦਾਤਾ



www.AKJ.Org

ਤੇ ਦਿੰਦੇ ਸੁਣੇ ਜਾਂਦੇ ਹਨ । ਪਰ ਅਸਲ ਬਿਸਰਾਮ ਹਰਿ ਤੇ ਹੈ ।

2. ਜਪੁਜੀ ਸਾਹਿਬ ਦੀ ਪੰਜਵੀਂ ਪਉੜੀ ਵਿਚ ਪਾਠ ਕਰਦੇ ਕਈ ਪ੍ਰੇਮੀ ਨਿਤ ਸੁਣੀਦੇ ਹਨ ।

ਗੁਰੁ ਈਸਰੁ, ਗੁਰੁ ਗੋਰਖੁ ਬਰਮਾ, ਗੁਰੁ ਪਾਰਬਤੀ ਮਾਈ ॥

ਪਾਠ ਗੁਰੁ ਪਾਰਬਤੀ ਮਾਈ ਨਹੀਂ । ਬਿਸਰਾਮ ਗੁਰੂ ਤੇ ਹੈ ਅਤੇ ਪਾਰਬਤੀ ਮਾਈ ਪਾਠ ਅਡ ਪੜ੍ਹਨਾ ਹੈ । ਇਸ ਲਈ :- ਗੁਰੁ ਈਸਰ, ਗੁਰੁ ਗੋਰਖੁ, ਬਰਮਾ ਗੁਰ, ਪਾਰਬਤੀ ਮਾਈ ॥ ਪਾਠ ਸਹੀ ਹੈ ।

3. ਫਿਰ ਦੇਖੋ ਪਉੜੀ 35 ਵਿਚ । ਜਪਜੀ ਸਾਹਿਬ ਜੀ ਇਹ ਪਉੜੀ ਤਾਂ ਬਿਸਰਾਮ ਦੇ ਭੇਦ ਨੂੰ ਸਮਝੇ ਬਿਨਾਂ ਕਦੀ ਠੀਕ ਨਹੀਂ ਪੜੀ ਜਾ ਸਕਦੀ । ਸੁਧ ਬਿਸਰਾਮਾਂ ਸਮੇਤ ਪਾਠ ਇਉਂ ਹੈ ।

ਕੇਤੀਆ ਕਰਮ ਭੂਮੀ, ਮੇਰ ਕੇਤੇ, ਕੇਤੇ ਧੂ ਉਪਦੇਸ ॥
ਕੇਤੇ ਇੰਦ, ਚੰਦ ਸੂਰ ਕੇਤੇ, ਕੇਤੇ ਮੰਡਲ ਦੇਸ ॥
ਕੇਤੇ ਸਿਧ, ਬੁਧ ਨਾਥ ਕੇਤੇ, ਕੇਤੇ ਦੇਵੀ ਵੇਸ ॥
ਕੇਤੇ ਦੇਵ, ਦਾਨਵ ਮੁਨਿ ਕੇਤੇ, ਕੇਤੇ ਰਤਨ ਸਮੁੰਦ ॥
ਕੇਤੀਆ ਖਣੀ; ਕੇਤੀਆ ਬਾਣੀ, ਕੇਤੇ ਪਾਤ ਨਰਿੰਦ ॥

4. ਪ੍ਰਭਾਤੀ ਮਹਲਾ ੧ (ਪੰਨਾ 1344) ਵਿਚ ਰਾਜੇ ਹਰੀ ਚੰਦ ਬਾਰੇ ਜ਼ਿਕਰ ਆਉਂਦਾ ਹੈ ਕਿ ਜੇ ਰਾਜਾ ਹਰੀ ਚੰਦ ਪੁੰਨ ਦੀ ਸਾਰ ਜਾਣਦਾ ਹੁੰਦਾ ਤਾਂ ਅਉਗਣ ਕਰਦਾ ਹੀ ਕਿਉਂ ? ਅਤੇ ਫਿਰ ਮੰਡੀ ਵਿਚ ਡੰਗਰਾਂ ਪਸ਼ੂਆਂ ਵਾਂਗ ਵਿਕਾਂਦਾ ਹੀ ਕਿਉਂ । ਦੋ ਕਿਉਂ ਇਕਠੇ ਆ ਗਏ ਹਨ । ਪੜਨ ਲਗਿਆਂ ਭੁਲੇਖਾ ਪੈ ਜਾਂਦਾ ਹੈ ਕਿ ਬਿਸਰਾਮ ਕਿਥੇ ਹੈ ।

ਤਿਨ ਹਰੀ ਚੰਦਿ, ਪ੍ਰਿਥਮੀ ਪਤਿ ਰਾਜੈ, ਕਾਗਦ ਕੀਮ ਨ ਪਾਈ ॥
ਅਉਗੁਣ ਜਾਣੈ, ਤ ਪੁੰਨ ਕਰੇ ਕਿਉਂ, ਕਿਉ ਨੇਖਾਸਿ ਬਿਕਾਈ ॥

ਇਸ ਤਰਾਂ ਅਨੇਕਾਂ ਪਰਮਾਣ ਹਨ, ਜਿਥ ਬਿਸ਼ਰਾਮ ਦਾ ਧਿਆਨ ਰਖਣਾ ਲਾਜਮੀ ਬਣਦਾ ਹੈ । ਬਾਣੀ ਪ੍ਰੇਮ ਨਾਲ ਪੜਨਾਸਤਿਗੁਰ ਜੀ ਦੀ ਬਖਸ਼ ਹੁੰਦੀ ਹੈ ਅਤੇ ਅੰਦਰੋਂ ਹੀ ਚਾਨਣਾ ਮਿਲਦਾ ਹੈ । ਭੈ, ਅਦਬ ਸਤਕਾਰ ਨਾਲ ਬਾਣੀ ਪੜਨ ਨਾਲ ਉਹ ਉਹ ਗੁਝੀਆਂ ਰਮਜ਼ਾਂ ਪਤਾ ਲਗ ਜਾਂਦੀਆਂ ਹਨ ਜੋ ਇਹਨਾਂ ਲੇਖਾਂ ਵਿਚ ਕਦੀ ਨਹੀਂ ਆ ਸਕਦੀਆਂ ।



www.AKJ.Org

# ਖੇੜਾ ਅਤੇ ਮਨੁੱਖੀ ਜੀਵਨ

ਵਲੋਂ ਸ: ਗੁਰਚਰਨ ਸਿੰਘ ਐਮ ਏ (ਧਰਮ ਤੇ ਪੰਜਾਬੀ)
ਗੁਰੂ ਨਾਨਕ ਫਾਉਂਡੇਸ਼ਨ,
84, ਜੋਰ ਬਾਗ, ਨਵੀਂ ਦਿਲੀ-3.

ਉਪਰੋਕਤ ਸਿਰਲੇਖ ਵਾਲੀ ਲਾਈਨ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀ ਉਚਾਰੀ ਹੋਈ ਹੈ, ਜੋ "ਲਹਿਰਾਂ ਦੇ ਹਾਰ" ਪੁਸਤਕ ਵਿਚੋਂ 'ਖੇੜਾ' ਨਾਮ ਦੀ ਕਵਿਤਾ ਵਿਚੋਂ ਲਈ ਗਈ ਹੈ ।

ਹਰ ਮਹਾਨ ਕਵੀ ਤੇ ਸਹਿਤਕਾਰ ਦੀ ਕੋਈ ਨਾ ਕੋਈ ਜੀਵਨ ਫਿਲਾਸਫੀ ਹੁੰਦੀ ਹੈ, ਜਿਸ ਦੇ ਆਸਰੇ ਉਹ ਆਪਣੀ ਰਚਨਾ ਕਰਦਾ ਹੈ । ਭਾਈ ਵੀਰ ਸਿੰਘ ਜੀ, ਵੀਹਵੀ ਸਦੀ ਦੇ ਭਾਈ ਗੁਰਦਾਸ ਜੀ ਮੰਨੇ ਗਏ ਹਨ, ਜਿਨ੍ਹਾਂ ਗੁਰਮਤਿ ਸਿਧਾਂਤਾਂ ਨੂੰ ਆਪਣੀ ਰਚਨਾ ਵਿਚ ਕਲਮਬੰਦ ਕੀਤਾ ਹੈ । ਜਿੰਨੀ ਬਰੀਕੀ ਨਾਲ, ਭਾਈ ਸਾਹਿਬ ਨੇ ਕੁਦਰਤ ਦੇ ਚਿੰਨਾਂ ਰਾਹੀਂ, ਗੁਰਮਤਿ ਸਿਧਾਂਤਾ ਨੂੰ ਪ੍ਰਗਟਾਇਆ ਹੈ, ਉਹ ਆਪਣੇ ਆਪ ਵਿਚ ਇਕ ਮਹਾਨ ਦੇਣ ਹੈ ।

ਅਸੀਂ ਜਾਣਦੇ ਹਾਂ ਕਿ ਹਰ ਮਹਾਨ ਸਹਿਤਕਾਰ ਦੋ ਗਲਾਂ ਕਰਕੇ ਸਤਿਕਾਰਿਆ ਜਾਂਦਾ ਹੈ - ਇਕ ਦਰਸ਼ਨ ਤੇ ਦੂਜਾ ਦੀਦਾਰ । ਭਾਈ ਸਾਹਿਬ ਇਹਨਾਂ ਦੋਨਾਂ ਗੁਣਾਂ ਕਰਕੇ ਸਾਰੇ ਜਗਤ ਵਿਚ ਸਤਿਕਾਰੇ ਜਾਂਦੇ ਹਨ । ਭਾਈ ਸਾਹਿਬ ਦਾ ਦੀਦਾਰ ਕੇਹਾ ਸੀ— ਇਕ ਰਸੀਲੇ ਸਹਿਤਕਾਰ ਜਿਨਾ ਦੀਦਾਰ ਕੀਤਾ ਲਿਖਦੇ ਹਨ—

ਭਾਈ ਸਾਹਿਬ ਦੇ ਨੈਣ ਇਉਂ ਸਨ, ਜਿਵੇਂ ਕਦੀ ਉਹਨਾ ਕ੍ਰੋਧ ਦੇਖਿਆ ਹੀ ਨਹੀਂ ਹੁੰਦਾ । ਭਾਈ ਸਾਹਿਬ ਦੇ ਬੁਲ ਇਉਂ ਸਨ, ਕਿ ਉਹਨਾ ਕਦੀ ਉੱਚਾ ਸਬਦ ਬੋਲਿਆ ਹੀ ਨਹੀਂ ਹੁੰਦਾ । ਮੁਖੜਾ ਇਉ ਸੀ-ਕਿ ਕਦੀ ਢਹਿੰਦੀਆਂ ਕਲਾਂ ਵਿਚ ਗਿਆ ਹੀ ਨਹੀਂ ਹੁੰਦਾ । ਉਮਰ ਭਰ ਦੀ ਸਾਦਗੀ, ਉਮਰ ਭਰ ਦੀ ਸ਼ਾਂਤੀ, ਉਮਰ ਭਰ ਦੀ ਸਰਾਫਤ ਇਕ ਅਕਹਿ ਸੁਹਪਣ ਬਣਕੇ ਉਹਨਾਂ ਦੇ ਚਿਹਰੇ ਉਤੇ ਮੂਰਤੀਮਾਨ ਸੀ ।"



www.AKJ.Org

ਭਾਈ ਸਾਹਿਬ ਦੀ ਜੀਵਨ ਫਿਲਾਸਫੀ ਨੂੰ 'ਖੇੜਾ' ਦੇ ਸ਼ਬਦ ਨਾਲ ਆ ਕੀਤਾ ਯਾਦ ਸਕਦਾ ਹੈ। ਇਸੇ ਸ਼ਬਦ ਲਈ, ਆਪ ਨੇ ਵਿਗਾਸ, ਸਹਜ, ਖੁਸ਼ੀ, ਆਨੰਦ ਤੇ ਤੁਰੀਆ ਪਦ ਸ਼ਬਦ ਵੀ ਵਰਤੇ ਹਨ। ਜਿਵੇ ਗੁਰਬਾਣੀ ਵਿਚ ਮਨੁਖ ਦਾ ਜੀਵਨ ਉਦੇਸ਼ 'ਸਹਿਜ ਪਦ' ਦੀ ਪ੍ਰਾਪਤੀ ਮੰਨਿਆ ਗਿਆ ਹੈ। ਤਿਵੇਂ ਹੀ ਭਾਈ ਸਾਹਿਬ ਮਨੁੱਖੀ ਜੀਵਨ ਦਾ ਉਦੇਸ਼ ਖੇੜਾ ਪ੍ਰਾਪਤੀ ਦਸਿਆ ਹੈ। ਭਾਈ ਸਾਹਿਬ ਖੇੜਾ ਨਾਮ ਹੀ ਕਵਿਤਾ ਵਿਚ ਲਿਖਦੇ ਹਨ :—

ਜਿੰਦੜੀ ਢਹਿੰਦੀ ਖੇੜਿਓ, ਢਹਿ ਪੈਂਦੀ ਦੇਹੀ ਨਾਲ ॥
ਜਿੰਦੜੀ ਹੈ ਜਿਉ ਆਸਰਾ, ਇਸ ਦੇਹੀ ਦਾ ਲਾਲ ॥
ਤਿਉ ਖੇੜਾ ਹੈ ਆਸਰਾ, ਇਸ ਦੇਹੀ ਦਾ ਪਾਲ ॥
ਖੇੜਾ ਜਿੰਦੜੀ ਇਕ ਹਨ, ਇਕ ਦੋਹਾ ਦੀ ਦਾਲ ॥

ਹੁਣ ਅਸਾਂ ਵਿਚਾਰਨਾ ਹੈ ਕਿ ਭਾਈ ਸਾਹਿਬ ਨੇ ਖੇੜੇ ਪ੍ਰਾਪਤੀ ਲਈ ਕੀ ਸੁਝਾ ਕਿਤੇ ਹਨ।

ਸਭ ਤੋਂ ਪਹਿਲੀ ਗਲ ਜਿਸ ਉਤੇ ਭਾਈ ਸਾਹਿਬ ਨੇ ਬਹੁਤ ਜ਼ੋਰ ਦਿਤਾ ਹੈ - ਉਹ ਹੈ ਅਪਣੇ ਸੋਮੇ ਪ੍ਰਭੂ ਨਾਲ ਮਿਲਨ ਦੀ ਖਿਚ। ਵਾਹਿਗੁਰੂ ਦਾ ਨਾਮ ਜਪ ਕੇ, ਆਪਣੇ ਸੋਮੇ ਨਾਲ ਅਭੇਦ ਹੋਣ ਦੀ ਜੋ ਖਿਚ ਹੈ, ਉਸ ਨੂੰ ਭਾਈ ਸਾਹਿਬ ਨੇ 'ਅਰੂਪ ਦੇ ਦੀਦਾਰ ਲਈ ਤੜਪ' ਕਿਹਾ ਹੈ। ਭਾਈ ਸਾਹਿਬ ਅਨੁਸਾਰ ਨਾਮ ਦੀ ਯਾਦ ਹੀ ਸਦੀਵੀ ਖੇੜੇ ਦਾ ਆਧਾਰ ਹੋ ਸਕਦਾ ਹੈ, ਕਿਉਂਕਿ ਉਹ ਆਪ ਸਦਾ ਲਈ 'ਵਿਗਸੈ ਬੇਪ੍ਰਵਾਹ' ਦੀ ਅਵਸਥਾ ਵਿਚ ਵਿਚਰਦਾ ਹੈ ਤੇ ਸਭ ਤਰ੍ਹਾਂ ਦੀਆਂ ਖੁਸ਼ੀਆਂ ਤੇ ਸ਼ਕਤੀਆਂ ਦਾ ਸੋਮਾ ਹੈ। ਇਸ ਵਾਸਤੇ ਉਸ ਨਾਲ ਜੁੜਨ ਦੇ ਯਤਨ ਵਿਚ ਹੀ ਮਨੁਖ ਅੰਦਰੋਂ ਬਾਹਰੋਂ ਖਿੜ ਸਕਦਾ ਹੈ।

ਪ੍ਰਸ਼ਨ ਹੈ ਕਿ ਅਰੂਪ ਨਾਲ ਜੁੜੀਏ ਕਿਵੇਂ ?

ਭਾਈ ਸਾਹਿਬ ਅਨੁਸਾਰ ਪਹਿਲਾ ਸਾਧਨ ਹੈ ਗੁਰੂ ਦਾ ਅੰਮ੍ਰਿਤ ਪੀਕੇ ਗੁਰੂ ਹੁਕਮਾਂ ਅਨੁਸਾਰ ਕੁਦਰਤੀ ਜੀਵਨ ਜੀਉਂਣਾ। ਅੰਦਰਲੀਆਂ ਬਹਰਲੀਆਂ ਰਹਿਤਾ ਰਖ ਕੇ, ਕਰਤੇ ਨੂੰ ਸੁਆਸ ਸੁਆਸ ਯਾਦ ਕਰਕੇ, ਵਿਸਮਾਦੀ ਅਵਸਥਾ ਵਿਚ ਵਿਚਰਨਾ। ਇਸ ਆਦਰਸ਼ਕ ਤੇ ਕੁਦਰਤੀ ਜੀਵਨ ਦੀ ਸਾਂਤੀ ਮਨੁਖ ਨੂੰ ਜਦੋਂ ਆ ਜਾਂਦੀ ਹੈ ਤਾ ਉਹ ਸਭ ਤਰ੍ਹਾਂ ਦੇ ਵਖੇਵਿਆ ਤੋਂ ਉਚੁ ਹੋਕੇ ਗੁਰੂ ਮਤਿ ਨੂੰ ਹੀ ਸਿਮਰ ਸਿਮਰ ਮੰਨਦਾ ਹੈ। ਗਣਾ ਸੂਰਤ ਧਿਆ ਵਿਚ, ਜਨ ਮੰਤੀ, ਗਵੀ ਰਾਸ਼ ਕੋਰ ਦੀ ਮਾਤਾ ਅਗੇ ਰਾਣਾ ਜੀਦੀ ਨਿੰਦਾ ਕਰਦਾ ਹੈ ਤਾਂ ਮਾਤਾ ਸਪਸ਼ਟ ਕਹਿੰਦੀ ਹੈ--ਅੰਮ੍ਰਿਤਸਾਹੀ ਉਹ ਪੂਰਾ ਸਿੰਘ ਸੀ।



www.AKJ.Org

ਅੰਮ੍ਰਿਤ ਉਹੋ ਠੀਕ ਛਕਾਯਾ ਸੀ ਅਸਾ ॥ ਕੁਲ ਘਰ ਜ ਤਿ ਸੁਜਾਤ ਇਕੋ ਹੀ ਹੋ ਗਈ, ਰਿਹਾ ਵਿਜਾਤੀ ਭੇਦ ਮੂਲੋਂ ਸੀ ਨਹੀਂ ।

ਭਾਈ ਸਾਹਿਬ ਅਨੁਸਾਰ ਇਹ ਅੰਮ੍ਰਿਤ ਮਈ ਜੀਵਨ ਤਾਂ ਹੀ ਖੇੜਾ ਲਿਆ ਸਕਦਾ ਹੈ ਜੇ ਮਨੁਸ ਅੰਦਰਲੀਆਂ ਕੀਮਤਾਂ (Inner Values) ਦਾ ਗਾਹਕ ਹੋਵੇ ਤੇ ਇਨ੍ਹਾਂ ਕੀਮਤਾਂ ਨੂੰ ਸਾਂਤ ਸਾਂਤ ਰਖੇ । ਭਾਈ ਸਾਹਿਬ ਦਾ ਵਿਚਾਰ ਸੀ ਕਿ ਜਿਵੇਂ ਬਨਫਸੇ ਦਾ ਫੁਲ ਅਪਨੇ ਗੁਣਾਂ ਤੇ ਖੁਸਬੂ ਨੂੰ ਸਾਂਤ ਸਾਂਤ ਰਖਦਾ ਹੈ ਤੇ ਕਦਰਦਾਨ ਉਸ ਨੂੰ ਲਭ ਹੀ ਲੈਂਦੇ ਹਨ । ਤਿਵੇਂ ਹੀ ਮਨੁਖ ਵੀ ਧੀਰਜ, ਧਰਮ, ਕਇਆ ਸੰਤੋਖ ਹਲੀਮੀ ਤੇ ਨਿਸਕਾਮ ਪ੍ਰੇਮ ਦੇ ਗੁਣਾਂ ਨੂੰ ਲਕੋ ਲਕੋ ਰਖੇ । ਇਉਂ ਇਹਨਾਂ ਗੁਣਾਂ ਦੀ ਅੰਦਰੂਨੀ ਖੁਸ਼ਬੂ ਆਪਣੇ ਆਪ ਜੀਵਨ ਵਿਚ ਖੇੜਾ ਲਿਆ ਸਕਦੀ ਹੈ । ਸਦੀਵੀ ਲਗਨ ਬਿਨਾਂ ਇਹ ਰਤਨਾ ਰੂਪੀ ਗੁਣ ਵੀ ਸਿੰਦੇ ਨਹੀਂ ਜਾ ਸਕਦੇ । ਇਸ ਲਈ ਸਦੀਵੀ ਲਗਨ ਹੀ ਖੇੜੇ ਦੀ ਜਾਮਨ ਹੈ । ਪਰ ਲਗਨ ਨੂੰ ਕਾਇਮ ਰਖਣ ਲਈ ਤੇ ਸਦੀਵੀ ਖੇੜੇ ਨੂੰ ਪ੍ਰਾਪਤ ਕਰਨ ਲਈ, ਜਿਥੇ ਬਾਹਰਲੀ ਸਾਦਗੀ ਤੇ ਭੋਲਾਪਨ ਜਰੂਰੀ ਹੈ, ਉਥੇ ਨਾਲ ਹੀ ਅੰਦਰਲੀ ਸਿਆਨਪ ਦੀ ਵੀ ਲੋੜ ਹੈ । ਜਿਸ ਨੂੰ ਭਾਈ ਸਾਹਿਬ ਦੇ ਬਿਲੇਕ ਬੁਧੀ ਦਾ ਨਾਮ ਦਿਤਾ ਹੈ । ਜਿਵੇਂ ਅਸੀਂ ਜਾਣਦੇ ਹਾਂ ਕਿ ਭਾਈ ਸਾਹਿਬ ਦੇ ਪ੍ਰਸਿਧ ਪਾਤਰ ਬਾਬਾ ਨੌਸ ਸਿੰਘ ਜੀ, ਜਿਥੇ ਕਹਿਣੀ ਤੇ ਕਰਨੀ ਦੇ ਸੂਹੇ ਹਨ, ਬਚਨ ਦੇ ਬਲੀ ਹਨ, ਨਾਲ ਹੀ ਬਿਬੇਕ ਬੁੱਧੀ ਦੇ ਮਾਲਕ ਹਨ । ਉਹ ਆਪਣੇ ਬਚਨਾਂ ਨਾਲ, ਗੁਰਮਤਿ ਦਲੀਲਾ ਨਾਲ ਹਰ ਪੜ੍ਹੇ ਅਨਪੜ੍ਹੇ ਨੂੰ ਪਰਭਾਵਤ ਕਰਕੇ ਹਨ ਤਾਵੇਂ ਬਾਹਰੋਂ ਦੇਖਣ ਵਿਚ ਬੜੇ ਭੋਲੇ ਤੇ ਦਾਨਾ ਹਨ ।

ਭਾਈ ਸਾਹਿਬ ਅਨੁਸਾਰ ਸਦੀਵੀ ਖੇੜੇ ਸੰਸਾਰਕ ਸਿਆਣਪ ਤੇ ਚਤਰਾਈ ਬਹੁਤਾ ਕੰਮ ਨਹੀਂ ਦੇਂਦੀ ਸਗੋਂ ਬਿਬੇਕ ਬੁੱਧੀ ਹੀ ਲੋਕ ਪਰਲੋਕ ਸਾਥ ਦੇ ਸਕਦੀ ਹੈ । ਭਾਈ ਗੁਰਦਾਸ ਜੀਵੀ ਅਜੇਹੇ ਹੀ ਵਿਚਾਰ ਦੇਂਦੇ ਹਨ ਗੁਰਸਿਖੀ ਗੁਰਸਿਖ ਸੁਣ ।

ਅੰਦਰ ਸਿਆਣਾ, ਬਾਹਰਿ ਭੋਲਾ ॥

ਹੋਰ ਅਨੇਕਾਂ ਸੁਝਾਵਾਂ ਨਾਲ, ਇਕ ਹੋਰ ਸੁਝਾ, ਭਾਈ ਸਾਹਿਬ ਨੇ ਸਤਸੰਗਤ ਕਰਨ ਲਈ ਦਿਤਾ ਹੈ, ਜੋ ਕਲੇਗੁਗ ਵਿਚ ਵਧੇਰੇ ਸਹਾਇਕ ਹੈ । ਰਾਣੀ ਰਾਜ ਕੌਰ ਪਤੀ ਦੀ ਸਹੀਦੀ ਪਿਛੋਂ ਸਾਂਤੀ ਦੀ ਪ੍ਰਾਪਤੀ ਲਈ ਅਨੇਕਾਂ ਪਾਪੜ ਵੇਲਦੀ ਹੈ । ਪਰ ਅਖੀਰ ਵਿਚ ਸਚੀ ਸਾਂਤੀ ਨਾਮ ਰਸੀ ਸਤਸੰਗਤ ਵਿਚੋਂ ਮਿਲਦੀ ਹੈ । ਸਤਸੰਗਤ ਵਿਚੋਂ ਪਹੁੰਚਦਿਆਂ ਉਹ ਪੁਕਾਰ ਉਠਦੀ ਹੈ --



www.AKJ.Org

ਭਈ ਸੁਤਾਗਣ ਅਜ ਭਾਗਾਂ ਕੁਠੜੀ, ਗਈ ਜੀਉਂਦੀ ਪਹੁੰਚ ਸਤਸੰਗਤ ਦੇ। ਭਾਗਾਂ ਨੇ ਕਰ ਸ੍ਰੋਹ ਮੈਨੂੰ ਮਾਰਿਆ, ਜਦ ਸਤਸੰਗ ਦੁਆਰ ਲਾਗੇ, ਮੈਂ ਆਈ, ਹੋਕੇ ਮੇਰੇ ਭਾਗ ਇਸ ਸੰਗਤ ਨੇ, ਸੋਈ ਲਈ ਜਿਵਾਲ ਧਨ ਸਤਸੰਗ ਹੈ ਜਿਵੇਂ ਭਾਈ ਗੁਰਦਾਸ ਜੀ ਨੇ ਫੁਰਮਾਇਆਂ ਹੈ--

ਸਾਧਸੰਗਤ ਸਚ ਖੰਡ ਹੈ, ਆਇ ਝਰੋਖੇ ਖੋਲੇ ਬਾਰੀ ॥

ਇਵੇਂ ਹੀ ਸਤਸੰਗਤ ਵਿਚ ਪਹੁੰਚ ਕੇ ਰਾਣੀ ਨੂੰ ਸਾਂਤੀ ਦੇਦੀ ਹੈ ਕਿ ਜੀਵਨ ਕੀ ਹੈ ? ਸੇਵਾ ਕੀ ਹੈ ? ਨਾਮ ਦਾਨ ਇਸ਼ਨਾਨਕੀ ਹੈ ? ਸੂਰਤ ਕੀ ਹੈ,ਖੇੜਾ ਤੇ ਖੁਸ਼ੀ ਕਿਸੇ ਪ੍ਰਾਪਤ ਹੋ ਸਕਦੀ ਹੈ ਸਾਰੀ ਵਿਚਾਰ ਦਾ ਤਾਤਪਰਜ ਇਹੋ ਹੈ ਕਿ ਭਾਈ ਸਾਹਿਬ, ਮਨੁਖੀ ਜੀਵਨ ਉ ਦੇਸ ਖੇੜਾ ਪ੍ਰਾਪਤੀ ਦਸਦੇ ਹਨ ਤੇ ਖੇੜੇ ਪ੍ਰਾਪਤੀ ਲਈ ਸੂਤਾ ਦੇਂਦੇ ਹਨ ਅੰਮ੍ਰਿਤ ਪੀਵੋ ਨਾਮ ਜਪੋ ਸਤਸੰਗਤ ਕਰੋ, ਅੰਦਰੋਂ ਬਾਹਰੋਂ ਇਕ ਹੋਕੇ ਰੱਬੀ ਗੁਣਾ ਨੂੰ ਧਾਰਨ ਕਰੋ। ਯਾਦ ਨਹੀਂ ਵਾਹਿਗੁਰੂ ਦੇ ਗੁਣ ਹੀ ਮਨੁਖ ਨੂੰ ਸਦੀਵੀ ਖੇੜਾ ਬਖਸ਼ ਸਕਦੇ ਹਨ।

———



www.AKJ.Org

## ੧ੴ ਵਾਹਿਗੁਰੂ ਜੀ ਕੀ ਫਤਹਿ ॥

ਸਰਬਤ ਸੰਗਤਾਂ ਦੇ ਚਰਨਾਂ ਵਿਖੇ ਜੋਦੜੀ ਹੈ ਕਿ ਅਕਾਲ ਪੁਰਖ ਦੀ ਮਿਹਰ ਨਾਲ ਅਪ੍ਰੈਲ, 1959 ਤੋਂ ਨਿਰਬਾਣ ਕੀਰਤਨੀ ਜਥੇ ਵਲੋਂ ਮਾਸਕ ਰੈਣ ਸਬਾਈ ਪ੍ਰੋਗਰਾਮ ਪਿੰਡਾਂ, ਨਗਰਾਂ ਅਤੇ ਸ਼ਹਿਰਾਂ ਵਿਖੇ ਬੜੀ ਚੜਦੀ ਕਲਾ ਵਿਖੇ ਚਲ ਰਿਹਾ ਹੈ। ਸੋ ਗੁਰਮੁਖ ਪਿਆਰਿਓ। ਜਨਵਰੀ, ਫਰਵਰੀ ਅਤੇ ਮਾਰਚ 73 ਦੇ ਪ੍ਰੋਗਰਾਮ ਦਾ ਵੇਰਵਾ ਹੇਠਾਂ ਦਿਤਾ ਜਾ ਰਿਹਾ ਹੈ। ਇਨਾਂ ਸਮਾਗਮਾਂ ਵਿਚ ਦਰਸ਼ਨ ਦੇ ਕੇ ਅਖੰਡ ਕੀਰਤਨ ਦੇ ਵਾਹੇ ਭੁੰਚੋ ਅਤੇ ਲਾਹ ਪ੍ਰਾਪਤ ਕਰੋ।

ਲੁਧਿਆਣਾ ਸੰਗਰੂਰ ਜ਼ਿਲਿਆਂ ਦੇ ਨਿਰਬਾਨ ਕੀਰਤਨੀ ਜੱਥੇ ਵਲੋਂ ਮਾਸਕ ਅਖੰਡ ਕੀਰਤਨ ਪ੍ਰੋਗਰਾਮ :—

| ਨੰ: | ਮਿਤਿ | ਕੀਰਤਨ ਦਾ ਸਮਾਂ | ਕੀਰਤਨ ਅਸਥਾਨ | ਪੁਛਗਿਛ | ਵੇਰਵਾ ਅਸਥਾਨ |
|---|---|---|---|---|---|
| 1. | 27-1-73, 28-1-73 | ਰੈਣ ਸਬਾਈ | ਗੁਰਦ: ਸਾਹਿਬ ਪਿੰਡ ਖਟੜਾ (ਲੁਧਿਆਣਾ) | ਭਾ: ਰੱਖਾ ਸਿੰਘ ਗ੍ਰੰਥੀ ਸਾਹਿਬ ਪਿੰਡ ਖਟੜਾ | ਨੇੜੇ ਰਾੜਾ ਸਾਹਿਬ ਅਹਮਦ ਗੜ ਤੋਂ ਪਾਇਲ ਸੜਕ ਅਡਾ ਖਟੜਾ। |
| 2. | 24-2-73, 25-2-73 | ,, ,, | ਗੁਰਮਾਚ ਪਿੰਡ ਸਾਲਾਹ ਮਾਵ ਤਹਿਸੀਲ ਮਲੇਰਕੋਟਲਾ (ਸੰਗਰੂਰ) | ਉਜਾਗਰ ਸਿੰਘ ਪਿੰਡ ਫਰਵਾਲੀ ਜਿਲਾ ਸੰਗਰੂਰ | ਮਾਲੇਰ ਕੋਟਲਾ ਤੋਂ ਨਾਭਾਦੇਬਸ ਮਾਹਰਾਣਾ ਅੱਡਾ ਤੋਂ ਇਕ ਮੀਲ |
| 3. | 24-3-73 25-3-73 | ,, ,, | ਸੂਬੇਦਾਰ ਬਲਦੇਵ ਸਿੰਘ ਜੀ ਦੇ ਗ੍ਰਹਿ ਪਿੰਡ ਮੋਨਪੁਰ ਜਿਲਾ ਲੁਧਿਆਣਾ | | ਦੋ ਰਾਹਾ, ਖੰਨਾ ਸੜਕ ਅਡਾ ਮੋਨਪੁਰ |

ਪੁਛ ਗਿਛ ਲਈ :— ਗੁਰੂ ਸੰਗਤਾਂ ਦਾ ਦਾਸ ਮਾ: ਉਜਾਗਰ ਸਿੰਘ ਪਿਡ ਫਰਵਾਲੀਂ ਡਾਕ ਘਰ ਲੋਹਟ ਬਦੀ (ਸੰਗਰੂਰ)।



www.AKJ.Org

## ਗੁਰਪੁਰਬ ਤੇ ਸੰਗਰਾਂਦ

| | |
|---|---|
| ਬਸੰਤ ਪੰਚਮੀ | ੬ ਫਰਵਰੀ |
| ਪਾ: ੭ ਅਵਤਾਰ ਧਾਰਿਆ | ੧੫ ਫਰਵਰੀ |
| ਸੰਗਰਾਂਦ ਫਗਣ | ੧੨ ਫਰਵਰੀ |
| ਮਸਿਆ | ੩ ਫਰਵਰੀ |

www.AKJ.Org

SURA REGD. NO. P. 68 JULLUNDUR

# ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਰਚਿਤ ਪੁਸਤਕਾਂ

| | |
|---|---|
| ੧. ਜੇਲ੍ਹ ਚਿੱਠੀਆਂ | ੫-੦੦ |
| ੨. ਗੁਰਮਤ ਨਾਮ ਅਭਿਆਸ ਕਮਾਈ | ੨-੫੦ |
| x੩. ਗੁਰਮਤਿ ਲੇਖ | |
| x੪. ਗੁਰਮਤਿ ਬਬੇਕ | ੩-੦੦ |
| ੫. ਸੱਚਖੰਡ ਦਰਸ਼ਨ | ੦-੭੫ |
| ੬. ਕੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਬੁਤ ਪ੍ਰਸਤੀ ਹੈ ? | ੧-੫੦ |
| ੭. ਚਰਨ ਕਮਲ ਕੀ ਮਉਜ | ੦-੮੮ |
| x੮. ਅਣਡਿਠੀ ਦੁਨੀਆਂ | |
| x੯. ਕਰਮ ਫ਼ਿਲਾਸਫ਼ੀ | |
| ੧੦. ਅਨਹਦ ਸ਼ਬਦ ਦਸਮ ਦੁਆਰ | ੨-੫੦ |
| x੧੧. ਗੁਰਮਤਿ ਸਚ ਨਿਰਣੇ | |
| ੧੨. ਅੰਮ੍ਰਿਤ ਕਲਾ | ੦-੪੦ |
| x੧੩. ਅੰਮ੍ਰਿਤ ਕੀ ਹੈ ? | |
| ੧੪. ਸੁਪਨਾ | ੦-੩੦ |
| ੧੫: ਬਾਬਾ ਵੈਦ ਰੋਗੀਆਂ ਦਾ | ੦-੨੦ |
| ੧੬. ਗਯਾਨ ਚਾਨਣਾ | ੦-੧੦ |
| x੧੭, ਹਉਮੈ ਨਾਵੈ ਨਾਲਿ ਵਿਰੋਧ | |
| ੧੮. ਦਰਸ਼ਨ ਝਲਕਾਂ (ਕਵਿਤਾ) | ੨-੦੦ |
| x੧੯, ਜੋਤਿ ਵਿਗਾਸ(ਕਵਿਤਾ) | |
| x੨੦. ਕਥਾ ਕੀਰਤਨ | |
| ੨੧. ਰੰਗਲੇ ਸਜਣ | ੨-੫੦ |
| ੨੨, ਸਿੱਖ ਕੌਣ ਹੈ ? | ੦-੧੫ |
| ੨੩. ਆਸਤਕ ਨਾਸਤਕ | ੦-੧੫ |
| ੨੪. ਕੋ ਵਿਰਲਾ ਗੁਰਮਤਿ ਚਲੈ | ੦-੨੦ |
| ੨੫. ਸਚੀਆਂ ਦਾਹੜੀਆਂ | ੦-੧੨ |
| ੨੬, ਸੰਤ ਪਦ ਨਿਰਣੈ | ੨-੨੦ |
| ੨੭. ਗੁਰਮਤ ਰਮਜ਼ਾਂ | ੦-੬੫ |
| x੨੮, ਗੁਰਬਾਨੀ ਦੀਆਂ ਲਗਾਂ ਮਾਤਰਾਂ ਦੀ ਵਿਲੱਖਣਤਾ | |
| ੨੯. ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦-੧੦ |
| ੩੦. ਸਿੰਘਾਂ ਦਾ ਪੰਥ ਨਿਰਾਲਾ | ੦-੪੦ |
| ੩੧. ਅਕਾਲ ਪੁਰਖ ਦੇ ਪ੍ਰਤੱਖ ਦਰਸ਼ਨ | ੦-੨੦ |
| ੩੨. ਵਾਹਿਗੁਰੂ ਸਿਮਰਨ | ੦-੨੦ |
| x੩੩. ਗੁਰਮਤਿ ਪ੍ਰਕਾਸ਼ | |
| ੩੪. ਸਿਖੀ ਸਿਦਕ ਤੇ ਧਰਮ ਰਖਿਆ | ੦-੨੦ |
| ੩੫. ਨਿਰਬਾਣ ਕੀਰਤਨੀ ਜਥੇ ਦੇ ਸਿੰਘਾ ਦੀ ਦਾਸਤਾਨ | ੦-੩੦ |
| ੩੬. ਝਟਕਾ ਮਾਸ ਪਰਥਾਇ ਤੱਤ ਗੁਰਮਤਿ ਨਿਰਣਯ | ੧.੫੬ |
| ੩੭. ਗੁਰਮਤ ਵਿਚਾਰ | ੦-੮੦ |
| x੩੮. ਨਾਮ ਦਾ ਦਾਤਾ ਤੇ ਸਿਮਰਨ ਦਾ ਦਾਤਾ ਸਤਗੁਰੂ | |
| ੩੯. ਗੁਰਮਤ ਗੌਰਵਤਾ | ੫-੦੦ |
| ੪੦. ਨਾਮ ਸਬੰਧੀ ਵਿਚਾਰ | ੦·੫੦ |
| ੪੧. ਗੁਰਬਾਣੀ ਸਬਧੀ ਸ਼ਕਿਆਂ ਦਾ ਉਤ੍ਰ | ੦-੫੦ |
| ੪੨. ਪ੍ਰਗਟੀ ਜੋਤਿ ਮਿਲ ਰਾਮ ਪਿਆਰੇ | ੦-੩੦ |

ਨੋਟ :- x ਇਹ ਪੁਸਤਕਾਂ ਸਟਾਕ ਵਿਚ ਨਹੀਂ ਹਨ । ਨਵੇਂ ਸਿਰੇ ਛਾਪਣ ਦਾ ਪ੍ਰਬੰਧ ਹੋ ਰਿਹਾ ਹੈ ।

ਪੁਸਤਕਾਂ ਮਿਲਣ ਦਾ ਪਤਾ :-

## ਭਾਈ ਸਾਹਿਬ ਰਣਧੀਰ ਸਿੰਘ ਪਬਲਿਸ਼ਿੰਗ ਹਾਊਸ

126 ਮਾਡਲ ਟਾਊਨ, ਲੁਧਿਆਣਾ

www.AKJ.Org